ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Thinking of Buying/Selling
WINZONE
Baldev Singh
Associate Broker
Cell : 917-224-7395
See Full Page Advt on Page 23

Vol. 15 Issue 29 Thursday, 09 April 2020 www.PUNJABIDUNIYA.com Published Weekly from New York

# ਕੋਰੋਨਾਵਾਇਰਸ: ਅਮਰੀਕਾ 'ਚ ਦੋ ਵਿਅਕਤੀਆਂ 'ਤੇ ਕੋਰੋਨਾਵਾਇਰਸ ਫੈਲਾਉਣ ਦੀ ਧਮਕੀ ਦੇਣ ਦੇ ਇਲਜ਼ਾਮ ਲਈ ਅੱਤਵਾਦ ਦਾ ਮੁਕੱਦਮਾ ਦਰਜ , ਪੰਜਾਬ 'ਚ 10ਵੀਂ ਮੌਤ




- ਪੰਜਾਬ ਵਿਚ ਪੌਜ਼ਿਟਿਵ ਕੇਸਾਂ ਦੀ ਗਿਣਤੀ 115 ਪਾਰ, 10 ਮੌਤਾਂ, ਮੌਹਾਲੀ ਵਿੱਚ ਸਭ ਤੋਂ ਵੱਧ ਕੇਸ
- ਦੁਨੀਆਂ ਵਿੱਚ ਮਾਮਲੇ 15 ਲੱਖ ਤੋਂ ਪਾਰ, 88000 ਤੋਂ ਵੱਧ ਮੌਤਾਂ
- ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਲੋਕ ਕੋਰੋਨਾਵਾਇਰਸ ਦੇ ਸ਼ਿਕਾਰ ਹੋਏ ਹਨ
- ਭਾਰਤ ਵਿੱਚ ਮਰੀਜ਼ਾਂ ਦੀ ਗਿਣਤੀ 5700 ਪਾਰ ਕਰ ਗਈ ਹੈ ਤੇ 166 ਮੌਤਾਂ ਹੋਈਆਂ ਹਨ
- ਪਿਛਲੇ 33 ਦਿਨਾਂ ਦੌਰਾਨ ਪੰਜਾਬ ਵਿੱਚ 14 ਮਰੀਜ਼ ਠੀਕ ਹੋਏ ਹਨ ਅਤੇ 85 ਦਾ ਅਜੇ ਇਲਾਜ ਜਾਰੀ ਹੈ
- ਡੇਰਾਬੱਸੀ ਦੇ ਜਵਾਹਰਪੁਰ ਪਿੰਡ ਵਿੱਚ 21 ਪੌਜ਼ਿਟਿਵ ਕੇਸ, ਸਰਕਾਰੀ ਸਕੂਲ ਏਕਾਂਤ ਕੇਂਦਰ ਬਣਿਆ

Home Business Auto
Insurance
See Full Page Advt on page 16
NLIGHT INSURANCE
(A Division of Nlight Financial LLC)
Call : 917-612-3158

# NYC ਵਿੱਚ ਰਹਿੰਦੇ ਹੋ?

## ਹਾਂ, ਤੁਸੀਂ ਜਨ-ਗਣਨਾ ਭਰੋ।



**ਜਿੰਨੇ ਜ਼ਿਆਦਾ ਨਿਊ ਯਾਰਕ ਵਾਸੀ** ਜਨ-ਗਣਨਾ ਭਰਦੇ ਹਨ, ਉੰਨਾ **ਜ਼ਿਆਦਾ ਪੈਸਾ** ਅਸੀਂ ਹੇਠ ਲਿਖੇ ਲਈ ਪ੍ਰਾਪਤ ਕਰਦੇ ਹਾਂ:

- ਸਕੂਲਾਂ
- ਨਿਵਾਸ
- ਸੀਨੀਅਰ ਸੈਂਟਰ
- ਨੌਕਰੀਆਂ
- ਸੜਕਾਂ ਅਤੇ ਪੁੱਲਾਂ
- ਹਸਪਤਾਲਾਂ

ਆਵਾਸ ਜਾਂ ਨਾਗਰਿਕਤਾ ਲਈ ਕੋਈ ਸਵਾਲ ਨਹੀਂ ਹਨ

## ਜਨ-ਗਣਨਾ ਸੌਖੀ ਅਤੇ ਸੁਰੱਖਿਅਤ ਹੈ

ਹੁਣੇ ਇਸ ਨੂੰ My2020census.gov 'ਤੇ ਭਰੋ ਜਾਂ 1-844-330-2020 'ਤੇ (ਅੰਗਰੇਜੀ ਵਿੱਚ) ਕਾਲ ਕਰੋ।

ਬੱਸ 10 ਸਵਾਲ:

- ਔਨਲਾਈਨ ਭਰੋ
- ਫ਼ੋਨ ਦੁਆਰਾ
- ਈਮੇਲ ਦੁਆਰਾ

ਇਸ ਬਾਰੇ ਕੋਈ ਸਵਾਲ ਨਹੀਂ:

- ਆਵਾਸ
- ਨਾਗਰਿਕਤਾ
- ਤੁਹਾਡੀ ਨੌਕਰੀ
- ਸਮਾਜਕ ਸੁਰੱਖਿਆ ਨੰਬਰ

ਕਾਨੂੰਨ ਦੁਆਰਾ, ਤੁਹਾਡੇ ਜਵਾਬ ਸਾਂਝੇ ਨਹੀਂ ਕੀਤੇ ਜਾ ਸਕਦੇ:

- ICE ਦੇ ਨਾਲ ਨਹੀਂ
- ਪੁਲਿਸ ਦੇ ਨਾਲ ਨਹੀਂ
- ਮਕਾਨ-ਮਾਲਕ ਦੇ ਨਾਲ ਨਹੀਂ
- ਕਿਸੇ ਦੇ ਨਾਲ ਵੀ ਨਹੀਂ

#GetCountedNYC

NYC Bill de Blasio Mayor | CENSUS Julie Menin Director 2020








THE PRESIDENT'S **CORONAVIRUS GUIDELINES** FOR AMERICA

# 30 DAYS TO SLOW THE SPREAD

Listen to and follow the directions of your **STATE AND LOCAL AUTHORITIES.**

**IF YOU FEEL SICK,** stay home. Do not go to work. Contact your medical provider.

**IF YOUR CHILDREN ARE SICK,** keep them at home. Do not send them to school. Contact your medical provider.

**IF SOMEONE IN YOUR HOUSEHOLD HAS TESTED POSITIVE** for the coronavirus, keep the entire household at home. Do not go to work. Do not go to school. Contact your medical provider.

**IF YOU ARE AN OLDER PERSON,** stay home and away from other people.

**IF YOU ARE A PERSON WITH A SERIOUS UNDERLYING HEALTH CONDITION** that can put you at increased risk (for example, a condition that impairs your lung or heart function or weakens your immune system), stay home and away from other people.

THE WHITE HOUSE CDC

For more information, please visit
**CORONAVIRUS.GOV**


STOP THE SPREAD OF GERMS
Help prevent the spread of respiratory diseases like COVID-19.
Avoid close contact with people who are sick.
Cover your cough or sneeze with a tissue, then throw the tissue in the trash.
Avoid touching your eyes, nose, and mouth.
Clean and disinfect frequently touched objects and surfaces.
Stay home when you are sick, except to get medical care.
Wash your hands often with soap and water for at least 20 seconds.
CDC
cdc.gov/COVID19
314915-A March 16, 2020 1:02 PM

# ਚੀਨ 'ਚ ਦੁਬਾਰਾ ਕੋਰੋਨਾ ਵਾਇਰਸ ਫ਼ੈਲਣ ਦਾ ਖ਼ਤਰਾ, 63 ਨਵੇਂ ਮਾਮਲੇ ਸਾਹਮਣੇ ਆਏ



ਚੀਨ 'ਚ ਕੋਰੋਨਾ ਵਾਇਰਸ ਦੇ 63 ਨਵੇਂ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ 'ਚ 2 ਘਰੇਲੂ ਨਾਗਰਿਕ ਅਤੇ 61 ਵਿਦੇਸ਼ਾਂ ਤੋਂ ਆਏ ਲੋਕ ਸ਼ਾਮਿਲ ਹਨ। 63 ਨਵੇਂ ਕੇਸਾਂ ਨਾਲ ਚੀਨ 'ਚ ਇੱਕ ਵਾਰ ਫਿਰ ਕੋਰੋਨਾ ਫੈਲਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਸਿਹਤ ਅਧਿਕਾਰੀਆਂ ਨੇ ਵੀਰਵਾਰ ਨੂੰ ਦੱਸਿਆ ਕਿ ਬੁੱਧਵਾਰ ਨੂੰ ਦੋ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਚੀਨ 'ਚ ਲੌਕਡਾਊਨ ਹਟਾਇਆ ਗਿਆ ਸੀ, ਪਰ ਨਵੇਂ ਮਾਮਲਿਆਂ ਨੇ ਦੇਸ਼ ਦੀ ਚਿੰਤਾ ਵਧਾ ਦਿੱਤੀ ਹੈ।ਸਿਹਤ ਅਥਾਰਟੀ ਨੇ ਕਿਹਾ ਕਿ ਦੇਸ਼ ਵਿੱਚ 2 ਮੌਤਾਂ ਨਾਲ ਕੁਲ ਮੌਤ ਦੀ ਗਿਣਤੀ 3,335 ਹੋ ਗਈ ਹੈ। ਇਸ ਸਮੇਂ ਕੁਲ ਕੋਰੋਨਾ ਵਾਇਰਸ ਦੇ ਕੇਸ 81,865 ਤੱਕ ਪਹੁੰਚ ਗਏ ਹਨ। ਚੀਨ ਦੇ ਨੈਸ਼ਨਲ ਹੈਲਥ ਕਮਿਸ਼ਨ (ਐਨਐਚਸੀ) ਨੇ ਵੀਰਵਾਰ ਨੂੰ ਕਿਹਾ ਕਿ ਉਸ ਨੂੰ ਬੁੱਧਵਾਰ ਨੂੰ 63 ਨਵੇਂ ਕੋਰੋਨਾ ਵਾਇਰਸ ਦੇ ਕੇਸਾਂ ਦੀ ਪਾਜ਼ੀਟਿਵ ਰਿਪੋਰਟਾਂ ਮਿਲੀਆਂ ਹਨ।

ਦੱਸ ਦੇਈਏ ਕਿ ਬੀਤੇ ਕੁਝ ਦਿਨ ਤੋਂ ਚੀਨ ਵਿੱਚ ਨਵੇਂ ਕੇਸ ਆਉਣੇ ਬੰਦ ਹੋ ਗਏ ਸਨ। ਲਗਾਤਾਰ ਤਿੰਨ ਦਿਨ ਕੋਈ ਘਰੇਲੂ ਮਰੀਜ਼ ਨਹੀਂ ਮਿਲਿਆ ਸੀ, ਪਰ ਦੇਸ਼ 'ਚ ਇੱਕ ਵਾਰ ਫਿਰ ਨਵੇਂ ਕੇਸ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ।

ਕੋਰੋਨਾ ਵਾਇਰਸ ਤੋਂ ਬਚਣ ਲਈ ਦੁਨੀਆ 'ਚ ਜਿੰਨੇ ਵੀ ਰਿਸਰਚ ਤੇ ਕਲੀਨਿਕਲ ਖੋਜ ਚੱਲ ਰਹੀਆਂ ਹਨ, ਉਨ੍ਹਾਂ 'ਚ ਸੱਭ ਤੋਂ ਵੱਧ 60 ਖੋਜ ਤੇ ਪ੍ਰਯੋਗ ਕਰਕੇ ਚੀਨ ਟਾਪ 'ਤੇ ਹੈ। ਬ੍ਰਿਟੇਨ ਦੀ ਇੱਕ ਕੰਪਨੀ ਨੇ ਆਪਣੇ ਸਰਵੇਖਣ 'ਚ ਕਿਹਾ ਕਿ ਇਸ ਸਮੇਂ ਕੋਰੋਨਾ ਟੀਕਾ ਲੱਭਣ ਅਤੇ ਖੋਜ ਕਰਨ ਲਈ ਦੁਨੀਆ ਦੇ 39 ਦੇਸ਼ਾਂ ਵਿੱਚੋਂ ਲਗਭਗ 300 ਲੈਬਾਰਟੀਆਂ ਲੱਗੀਆਂ ਹੋਇਆ ਹੈ। ਇਨ੍ਹਾਂ 'ਚੋਂ ਇਕੱਲੇ ਚੀਨ 'ਚ 60 ਖੋਜਾਂ ਹਨ, ਜਦਕਿ ਅਮਰੀਕਾ 49 ਖੋਜ ਤੇ ਅਧਿਐਨ ਵਾਲਾ ਨੰਬਰ-2 ਦੇਸ਼ ਹੈ। ਬ੍ਰਿਟੇਨ ਦੀ ਕੰਪਨੀ ਫਿਨਬੋਲਡ ਡਾਟ ਕਾਮ ਨੇ ਕੋਰੋਨਾ ਵਾਇਰਸ ਰਿਸਰਚ ਇੰਡੈਕਸ ਜਾਰੀ ਕੀਤਾ ਹੈ, ਜਿਸ 'ਚ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਕੋਰੋਨਾ ਦੇ ਪੁਸ਼ਟੀ ਕੇਸਾਂ ਦੇ ਨਾਲ ਖੋਜ ਅਤੇ ਕਲੀਨਿਕਲ ਅਧਿਐਨ ਦਾ ਵੇਰਵਾ ਦਿੱਤਾ ਗਿਆ ਹੈ। ਰਿਪੋਰਟ 'ਚ ਚੀਨ ਅਤੇ ਅਮਰੀਕਾ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਹੈ ਕਿ ਇਹ ਦੋਵੇਂ ਦੇਸ਼ ਦੁਨੀਆ ਨੂੰ ਇਸ ਸੰਕਟ ਤੋਂ ਬਚਾਉਣ ਲਈ ਆਪਣੀ ਪੂਰੀ ਤਾਕਤ ਲਗਾ ਰਹੇ ਹਨ, ਜਦਕਿ ਵਿਸ਼ਵ ਦੇ ਬਾਕੀ ਦੇਸ਼ ਇਸ ਮਾਮਲੇ 'ਚ ਬਹੁਤ ਪਿੱਛੇ ਹਨ। ਕੰਪਨੀ ਦੇ ਸਹਿ-ਸੰਸਥਾਪਕ ਇਦਾਸ ਕੈਬ ਦੇ ਅਨੁਸਾਰ ਸਪੇਨ, ਜੋ ਕੋਰੋਨਾ ਵਾਇਰਸ ਪ੍ਰਭਾਵਤ ਦੇਸ਼ਾਂ ਵਿੱਚ ਦੂਜੇ ਨੰਬਰ 'ਤੇ ਹੈ, ਇਸ ਸਮੇਂ ਰਿਸਰਚ ਇੰਡੈਕਸ ਬਹੁਤ ਪਿੱਛੇ ਹੈ।

# ਪ੍ਰਦੂਸ਼ਿਤ ਸ਼ਹਿਰਾਂ 'ਚ ਕੋਰੋਨਾ ਵਾਇਰਸ ਨਾਲ ਮਾਰੇ ਜਾਣ ਦਾ ਜ਼ੋਖਮ ਵੱਧ

ਦੇਸ਼ 'ਚ ਵੱਧ ਰਹੇ ਕੋਰੋਨਾ ਵਾਇਰਸ ਵਿਚਕਾਰ ਹਾਰਵਰਡ ਯੂਨੀਵਰਸਿਟੀ ਦਾ ਅਧਿਐਨ ਚਿੰਤਾ ਪੈਦਾ ਕਰਨ ਵਾਲਾ ਹੈ। ਇਸ 'ਚ ਦਾਅਵਾ ਕੀਤਾ ਗਿਆ ਹੈ ਕਿ ਪ੍ਰਦੂਸ਼ਿਤ ਖੇਤਰਾਂ 'ਚ ਲੰਮੇ ਸਮੇਂ ਤੋਂ ਰਹਿਣ ਵਾਲਿਆਂ ਦੇ ਕੋਰੋਨਾ ਨਾਲ ਮੌਤ ਦਾ ਖ਼ਤਰਾ ਵੱਧ ਹੈ। ਪੀਐਮ 2.5 ਕਣਾਂ ਨੂੰ ਅਧਾਰ ਬਣਾਇਆ ਗਿਆ ਹੈ। ਦੇਸ਼ ਦੇ ਜ਼ਿਆਦਾਤਰ ਸ਼ਹਿਰ ਪੀਐਮ 2.5 ਪ੍ਰਦੂਸ਼ਣ ਦੀ ਲਪੇਟ 'ਚ ਹਨ। ਹਾਰਵਰਡ ਯੂਨੀਵਰਸਿਟੀ ਦੇ ਟੀਐਚ ਚੈਨ ਸਕੂਲ ਆਫ਼ ਫ਼ਲਿੱਕ ਹੈਲਥ ਦਾ ਅਧਿਐਨ ਬੋਸਟਨ 'ਚ ਜਾਰੀ ਕੀਤਾ ਗਿਆ। ਇਹ ਅਧਿਐਨ ਅਮਰੀਕਾ ਦੇ 1783 ਜ਼ਿਲ੍ਹਿਆਂ ਵਿੱਚ ਕੀਤਾ ਗਿਆ ਸੀ, ਜਿੱਥੇ 4 ਅਪ੍ਰੈਲ ਤੱਕ ਕੋਰੋਨਾ ਨਾਲ 90% ਮੌਤਾਂ ਹੋਈਆਂ। ਇਨ੍ਹਾਂ ਜ਼ਿਲ੍ਹਿਆਂ 'ਚ ਪੀਐਮ 2.5 ਦੇ ਪਿਛਲੇ 20 ਸਾਲਾਂ ਦੇ ਪੱਧਰ ਦੇ ਅੰਕੜਿਆਂ ਦੇ ਆਧਾਰ 'ਤੇ ਮੌਤਾਂ ਦੀ ਮਾਡਲਿੰਗ ਕੀਤੀ ਗਈ। ਅਧਿਐਨ ਵਿੱਚ ਨਿਊਯਾਰਕ ਵਿੱਚ ਮੈਨਹੱਟਨ ਵੀ ਸ਼ਾਮਲ ਹੈ, ਜਿੱਥੇ



ਉਪਰੋਕਤ ਮਿਆਦ ਦੌਰਾਨ 1905 ਤੱਕ ਮੌਤਾਂ ਹੋਈਆਂ। ਇਸ 'ਚ ਕਿਹਾ ਗਿਆ ਹੈ ਕਿ ਜੇ ਇੱਥੇ ਪੀਐਮ ਦਾ ਪੱਧਰ 2.5 ਹੁੰਦਾ ਤਾਂ ਇਨ੍ਹਾਂ ਮੌਤਾਂ ਨੂੰ ਸਿਰਫ਼ 248 ਤੱਕ ਰੋਕਿਆ ਜਾ ਸਕਦਾ ਸੀ। ਸਿਹਤ ਅਧਿਐਨ ਦੇ ਬਾਇਓਸਟੈਟਿਕਸ ਦੇ ਪ੍ਰੋਫੈਸਰ ਫਰਾਂਸਿਸਕਾ ਡੋਮੀਨਿਸੀ ਨੇ ਕਿਹਾ ਕਿ ਮਾਡਲ ਅਧਿਐਨ 'ਚ ਦਾਅਵਾ ਕੀਤਾ ਹੈ ਕਿ ਪ੍ਰਤੀ ਕਿਊਬਿਕ ਮੀਟਰ ਪੀ.ਐਮ. 2.5 ਦੀ ਮਾਤਰਾ ਇੱਕ ਮਾਈਕ੍ਰੋਗ੍ਰਾਮ ਤੋਂ ਵੱਧ ਹੋਣ ਨਾਲ ਮੌਤ ਦਾ ਖ਼ਤਰਾ 15% ਵੱਧ ਸਕਦਾ ਹੈ। ਭਾਰਤੀ ਵਾਤਾਵਰਣ ਮਾਹਰਾਂ ਨੇ ਇਸ ਅਧਿਐਨ 'ਤੇ ਚਿੰਤਾ ਪ੍ਰਗਟਾਈ ਹੈ। ਮੌਸਮ ਰੁਝਾਨਾਂ ਦੀ ਡਾਇਰੈਕਟਰ ਆਰਤੀ ਖੋਸਲਾ ਨੇ ਕਿਹਾ ਕਿ ਕਿਉਂਕਿ ਦੇਸ਼ ਵਿੱਚ ਪੀ.ਐਮ. 2.5. ਦਾ ਪੱਧਰ ਉੱਚਾ ਹੈ, ਇਸ ਕਾਰਨ ਲੋਕਾਂ ਨੂੰ ਪਹਿਲਾਂ ਹੀ ਬਹੁਤ ਸਾਰੀਆਂ ਬਿਮਾਰੀਆਂ ਹਨ। ਲੌਕਡਾਊਨ ਕਾਰਨ ਪਿਛਲੇ 2 ਹਫ਼ਤੇ 'ਚ ਪ੍ਰਦੂਸ਼ਣ ਕਾਫ਼ੀ ਘੱਟ ਹੋਇਆ ਹੈ। ਸਰਕਾਰ ਨੂੰ ਇਹ ਲਾਜ਼ਮੀ ਬਣਾਉਣਾ ਹੋਵੇਗਾ ਕਿ ਲੌਕਡਾਊਨ ਖੁੱਲ੍ਹਣ ਤੋਂ ਬਾਅਦ ਵੀ ਕਿਵੇਂ ਹਵਾ ਦੀ ਗੁਣਵੱਤਾ ਨੂੰ ਇਸੇ ਤਰ੍ਹਾਂ ਬਣਾਈ ਰੱਖਿਆ ਜਾਵੇ।

# 76 ਦਿਨਾਂ ਪਿੱਛੋਂ ਲੌਕਡਾਊਨ ਤੋਂ ਆਜ਼ਾਦ ਹੋਇਆ ਕੋਰੋਨਾ ਦਾ ਕੇਂਦਰ - ਚੀਨੀ ਸ਼ਹਿਰ ਵੁਹਾਨ

ਪੂਰੀ ਦੁਨੀਆ 'ਚ ਕਹਿਰ ਮਚਾਉਣ ਵਾਲੇ ਕੋਰੋਨਾ ਵਾਇਰਸ ਦਾ ਕੇਂਦਰ ਰਹੇ ਚੀਨ ਦਾ ਸ਼ਹਿਰ ਵੁਹਾਨ ਅੱਜ ਬੁੱਧਵਾਰ 8 ਅਪ੍ਰੈਲ ਨੂੰ ਲੌਕਡਾਊਨ ਤੋਂ ਪੂਰੀ ਤਰ੍ਹਾਂ ਆਜ਼ਾਦ ਹੋ ਗਿਆ। ਇਸ ਸ਼ਹਿਰ ਵਿੱਚ ਲੌਕਡਾਊਨ ਪੂਰੇ 76 ਦਿਨ ਜਾਰੀ ਰਿਹਾ। ਇਸ ਸ਼ਹਿਰ ਦੀ ਆਬਾਦੀ 1 ਕਰੋੜ 10 ਲੱਖ ਹੈ। ਬੀਤੀ 23 ਜਨਵਰੀ ਤੋਂ ਬਾਅਦ ਅੱਜ ਪਹਿਲੀ ਵਾਰ ਵੁਹਾਨ ਦੇ ਵਾਸੀ ਆਪਣੇ ਘਰਾਂ 'ਚੋਂ ਬਾਹਰ ਨਿੱਕਲੇ। ਪਿਛਲੇ ਵਰ੍ਹੇ ਦਸੰਬਰ 'ਚ ਕੋਰੋਨਾ ਵਾਇਰਸ ਦੀ ਮਹਾਮਾਰੀ ਦੀ ਸ਼ੁਰੂਆਤ ਇਸੇ ਵੁਹਾਨ ਸ਼ਹਿਰ ਤੋਂ ਹੋਈ ਸੀ। ਇਸ ਵਾਇਰਸ ਦੀ ਮਹਾਮਾਰੀ ਦਾ ਅਸਰ ਸਮੁੱਚੇ ਵਿਸ਼ਵ 'ਚ ਵੇਖਣ ਨੂੰ ਮਿਲ ਰਿਹਾ ਹੈ। ਢਾਈ ਮਹੀਨਿਆਂ ਤੱਕ ਆਪਣੇ ਘਰਾਂ ਅੰਦਰ ਕੈਦ ਰਹੇ 11 ਮਿਲੀਅਨ ਲੋਕ ਅੱਜ ਆਪਣੇ ਘਰਾਂ 'ਚੋਂ ਬਾਹਰ ਨਿੱਕਲੇ। ਅੱਜ ਸਭ ਕੁਝ ਮੁੜ ਲੀਹ 'ਤੇ ਪਰਤਦਾ ਦਿਸਿਆ। ਬੱਸਾਂ ਤੇ ਰੇਲ-ਗੱਡੀਆਂ ਦੌੜਦੀਆਂ ਦਿਸੀਆਂ। ਹਵਾਈ ਜਹਾਜ਼ਾਂ ਨੇ ਉਡਾਣਾਂ ਭਰੀਆਂ। ਲੋਕ ਅੱਜ ਆਪਣੀਆਂ ਗੱਡੀਆਂ 'ਚ ਬਹਿ ਕੇ ਸ਼ਹਿਰ ਤੋਂ ਬਾਹਰ ਵੀ ਗਏ। ਹੁਣ ਵਾਹਨ ਹੋਰਨਾਂ ਸ਼ਹਿਰਾਂ 'ਚ ਜਾ ਸਕਦੇ ਹਨ। ਅੱਜ ਡਿਲੀਵਰੀ ਮੈਨ, ਦਫ਼ਤਰੀ ਕਰਮਚਾਰੀ, ਡਾਕਟਰ, ਨਰਸ ਸਭ ਇਕੱਠੇ ਕੰਮਾਂ 'ਤੇ ਜਾ ਰਹੇ ਸਨ। ਪਹਿਲਾਂ ਸਿਰਫ਼ ਪੁਲਿਸ ਜਾਂ ਸਿਹਤ ਕਾਮੇ ਹੀ ਸੜਕਾਂ 'ਤੇ ਕਦੀ-ਕਦਾਈਂ ਵਿਖਾਈ ਦਿੰਦੇ ਸਨ। ਦਰਅਸਲ, ਮੰਗਲਵਾਰ ਚੀਨ ਲਈ ਅਜਿਹਾ ਦਿਨ ਸੀ, ਜਦੋਂ ਕੋਰੋਨਾ ਵਾਇਰਸ ਕਾਰਨ ਕਿਸੇ ਇੱਕ ਵੀ ਮਰੀਜ਼ ਦੀ ਜਾਨ ਨਹੀਂ ਗਈ ਸੀ। ਉਸ ਤੋਂ ਬਾਅਦ ਅੱਜ ਸਰਕਾਰ ਨੇ ਲੌਕਡਾਊਨ ਖ਼ਤਮ ਕਰ ਦਿੱਤਾ।

# ਕੋਵਿਡ-19: ਟਰੰਪ ਨੇ ਭਾਰਤ ਦੇ ਫੈਸਲੇ ਲਈ ਮੋਦੀ ਤੇ ਭਾਰਤੀਆਂ ਦੀ ਕੀਤੀ ਸ਼ਲਾਘਾ



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੁਆਰਾ ਹਾਈਡਰੋਕਸਾਈਕਲੋਰੋਕਿਨ ਦੇ ਨਿਰਯਾਤ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਭਾਰਤੀਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕੀਤੀ ਹੈ। ਟਰੰਪ ਨੇ ਮੋਦੀ ਦੀ ਮਜ਼ਬੂਤ ਲੀਡਰਸ਼ਿਪ ਅਤੇ ਭਾਰਤ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਇਸ ਨੂੰ ਮਨੁੱਖਤਾ ਦੀ ਸਹਾਇਤਾ ਦੱਸਿਆ ਹੈ।

ਟਰੰਪ ਨੇ ਕਿਹਾ, 'ਅਸਧਾਰਨ ਹਾਲਤਾਂ ਵਿੱਚ ਦੋਸਤਾਂ ਦੇ ਵਿੱਚ ਨੇੜਲੇ ਸਹਿਯੋਗ ਦੀ ਲੋੜ ਹੁੰਦੀ ਹੈ। ਹਾਈਡ੍ਰੋਕਸਾਈਕਲੋਰੋਕਿਨ ਬਾਰੇ ਫੈਸਲਾ ਲੈਣ ਲਈ ਭਾਰਤ ਅਤੇ ਭਾਰਤੀ ਲੋਕਾਂ ਦਾ ਧੰਨਵਾਦ, ਇਹ ਭੁੱਲਿਆ ਨਹੀਂ ਜਾਏਗਾ! ਇਸ ਲੜਾਈ ਵਿਚ ਨਾ ਸਿਰਫ ਭਾਰਤ, ਬਲਕਿ ਮਨੁੱਖਤਾ ਦੀ ਮਦਦ ਕਰਨ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਉਨ੍ਹਾਂ ਦੀ ਮਜ਼ਬੂਤ ਅਗਵਾਈ ਲਈ ਧੰਨਵਾਦ।

ਇਸ ਤੋਂ ਪਹਿਲਾਂ, ਜਿਵੇਂ ਹੀ ਭਾਰਤ ਨੇ ਹਾਈਡਰੋਕਸਾਈਕਲੋਰੋਕਿਨ ਦੇ ਨਿਰਯਾਤ ਨੂੰ ਮਨਜ਼ੂਰੀ ਦਿੱਤੀ ਤਾਂ ਯੂਐਸ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਦੀ ਪ੍ਰਸ਼ੰਸਾ ਕਰਦਿਆਂ ਮੋਦੀ ਨੂੰ ਇਕ ਮਹਾਨ ਅਤੇ ਬਹੁਤ ਵਧੀਆ ਨੇਤਾ ਵੀ ਦੱਸਿਆ ਸੀ।

ਟਰੰਪ ਨੇ ਅਮਰੀਕੀ ਨਿਊਜ਼ ਚੈਨਲ ਫੌਕਸ ਨਿਊਜ਼ ਨਾਲ ਗੱਲਬਾਤ ਦੌਰਾਨ ਕਿਹਾ- ਨਰਿੰਦਰ ਮੋਦੀ ਨੇ ਹਾਈਡ੍ਰੋਕਸਾਈਕਲੋਰੋਕਿਨ ਦੇ ਮਾਮਲੇ ਵਿਚ ਸਾਡੀ ਮਦਦ ਕੀਤੀ ਹੈ, ਉਹ ਬਹੁਤ ਚੰਗੇ ਹਨ। ਟਰੰਪ ਨੇ ਕਿਹਾ ਕਿ ਅਸੀਂ ਵਿਦੇਸ਼ਾਂ ਤੋਂ ਬਹੁਤ ਸਾਰੀਆਂ ਦਵਾਈਆਂ ਮੰਗਵਾ ਰਹੇ ਹਾਂ। ਇਸ ਚ ਭਾਰਤ ਚ ਬਣੀ ਹਾਈਡ੍ਰੋਕਸਾਈਕਲੋਰੋਕਿਨ ਦਵਾਈ ਵੀ ਹੈ। ਮੈਂ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ ਸੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਤੋਂ ਬਹੁਤ ਚੰਗੀਆਂ ਚੀਜ਼ਾਂ ਅਜੇ ਆਉਣੀਆਂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਕੋਰੋਨਾ ਮਹਾਮਾਰੀ ਨਾਲ ਲੜਨ ਲਈ ਭਾਰਤ ਤੋਂ ਹਾਈਡ੍ਰੋਸਾਈਕਲੋਰੋਕਿਨ ਦੀਆਂ 29 ਮਿਲੀਅਨ ਖੁਰਾਕਾਂ ਖਰੀਦੀਆਂ ਹਨ।

ਦੱਸ ਦੇਈਏ ਕਿ ਹਾਈਡਰੋਕਸਾਈਕਲੋਰੋਕਿਨ ਭਾਰਤ ਵਿਚ ਇਕ ਮਲੇਰੀਆ ਇਲਾਜ ਦੀ ਦਵਾਈ ਹੈ। ਮਲੇਰੀਆ ਦੇ ਕੇਸ ਹਰ ਸਾਲ ਭਾਰਤ ਵਿਚ ਵੱਡੀ ਗਿਣਤੀ ਵਿਚ ਹੁੰਦੇ ਹਨ ਅਤੇ ਇਹੀ ਕਾਰਨ ਹੈ ਕਿ ਭਾਰਤ ਇਸਦਾ ਸਭ ਤੋਂ ਵੱਡਾ ਉਤਪਾਦਕ ਹੈ।

# ਅਮਰੀਕਾ : ਕੋਰੋਨਾ ਵਾਇਰਸ ਨੇ 2 ਦਿਨਾਂ 'ਚ 4000 ਲੋਕਾਂ ਦੀ ਜਾਨ ਲਈ, ਹੁਣ ਤਕ 14,788 ਮੌਤਾਂ



ਕੋਰੋਨਾ ਵਾਇਰਸ ਨੇ ਸੁਪਰਪਾਵਰ ਅਮਰੀਕਾ ਨੂੰ ਢਹਿ-ਢੇਰੀ ਕਰ ਦਿੱਤਾ ਹੈ। ਅਮਰੀਕਾ 'ਚ ਲਗਾਤਾਰ ਦੂਜੇ ਦਿਨ ਲਗਭਗ 2 ਹਜ਼ਾਰ ਲੋਕਾਂ ਦੀ ਮੌਤ ਹੋਈ ਹੈ। ਅਮਰੀਕਾ 'ਚ ਸਿਰਫ਼ ਦੋ ਦਿਨਾਂ ਵਿੱਚ ਹੀ ਕੋਰੋਨਾ ਵਾਇਰਸ ਦੀ ਲਾਗ ਕਾਰਨ ਲਗਭਗ 4 ਹਜ਼ਾਰ ਲੋਕਾਂ ਦੀ ਮੌਤ ਹੋ ਗਈ ਹੈ। ਹੁਣ ਤੱਕ ਇਥੇ 14,788 ਲੋਕ ਆਪਣੀ ਜਾਨ ਗੁਆ ਚੁੱਕੇ ਹਨ।

ਜੋਨਸ ਹੌਪਕਿਨਜ਼ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ 24 ਘੰਟਿਆਂ ਵਿੱਚ ਰਿਕਾਰਡ 1,973 ਮੌਤਾਂ ਹੋਈਆਂ ਹਨ, ਜੋ ਕਿ ਪਿਛਲੇ ਦਿਨ 1939 ਦੀਆਂ ਮੌਤਾਂ ਨਾਲੋਂ ਵੱਧ ਹਨ। ਅਮਰੀਕਾ ਨੇ ਸਪੇਨ (14,792) ਨੂੰ ਮੌਤ ਦੀ ਗਿਣਤੀ ਦੇ ਮਾਮਲੇ ਵਿੱਚ ਪਛਾੜ ਦਿੱਤਾ ਹੈ। ਕੋਰੋਨਾ ਕਾਰਨ ਇਟਲੀ 'ਚ ਸਭ ਤੋਂ ਵੱਧ 17,669 ਲੋਕ ਮਾਰੇ ਜਾ ਚੁੱਕੇ ਹਨ।

**ਦੁਨੀਆ 'ਚ 15 ਲੱਖ ਤੋਂ ਵੱਧ ਕੋਰੋਨਾ ਪੀੜਤ :**

ਪਿਛਲੇ ਸਾਲ ਦਸੰਬਰ 'ਚ ਚੀਨ ਤੋਂ ਆਇਆ ਕੋਰੋਨਾ ਵਾਇਰਸ ਪੂਰੀ ਦੁਨੀਆ 'ਚ ਤਬਾਹੀ ਮਚਾ ਰਿਹਾ ਹੈ। ਹੁਣ ਤੱਕ ਦੁਨੀਆ ਭਰ 'ਚ 15 ਲੱਖ ਤੋਂ ਵੱਧ ਲੋਕ ਕੋਰੋਨਾ ਵਾਇਰਸ ਨਾਲ ਪ੍ਰਭਾਵਿਤ ਹੋਏ ਹਨ। ਇਨ੍ਹਾਂ ਵਿਚੋਂ 88,495ਦੀ ਮੌਤ ਹੋ ਚੁੱਕੀ ਹੈ, ਜਦਕਿ 3,30,589 ਲੋਕ ਠੀਕ ਹੋ ਚੁੱਕੇ ਹਨ।

**ਅਮਰੀਕਾ 'ਚ 4 ਲੱਖ 30 ਹਜ਼ਾਰ ਮਰੀਜ਼ :**

ਅਮਰੀਕਾ 'ਚ ਕੋਰੋਨਾ ਵਿਚ ਸਭ ਤੋਂ ਵੱਧ 4 ਲੱਖ 35 ਹਜ਼ਾਰ ਲੋਕ ਹਨ। ਇਸ ਤੋਂ ਬਾਅਦ ਸਪੇਨ ਵਿੱਚ 1 ਲੱਖ 48 ਹਜ਼ਾਰ ਕੋਰੋਨਾ ਦੇ ਮਰੀਜ਼ ਹਨ। ਇਟਲੀ 'ਚ 1 ਲੱਖ 39 ਹਜ਼ਾਰ ਲੋਕ ਇਸ ਵਾਇਰਸ ਨਾਲ ਸੰਕਰਮਿਤ ਹੋਏ ਹਨ। ਜਰਮਨੀ 'ਚ 1 ਲੱਖ 13 ਹਜ਼ਾਰ ਲੋਕ ਸੰਕਰਮਿਤ ਹੋਏ ਹਨ, ਜਿਨ੍ਹਾਂ ਵਿਚੋਂ 2,349 ਲੋਕ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਫ਼ਰਾਂਸ ਵਿੱਚ ਵੀ 1 ਲੱਖ 12 ਹਜ਼ਾਰ ਲੋਕਾਂ ਨੂੰ ਕੋਰੋਨਾ ਲਾਗ ਲੱਗ ਚੁੱਕੀ ਹੈ। ਇੱਥੇ 10,800 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।



# ਕੋਰੋਨਾਵਾਇਰਸ : ਕਰਫ਼ਿਊ ਦੌਰਾਨ ਨਸ਼ਾ ਨਾ ਮਿਲਣ 'ਤੇ ਨਸ਼ੇੜੀਆਂ ਨੂੰ ਪਈਆਂ ਭਾਜੜਾਂ

"ਮੇਰੇ ਵਾਸਤੇ ਦਵਾਈਆਂ ਤਕ ਪਹੁੰਚਣਾ ਮੁਸ਼ਕਲ ਸੀ ਪਰ ਚਿੱਟਾ ਮਿਲਣਾ ਇਹਨਾਂ ਮੁਸ਼ਕਲ ਨਹੀਂ ਸੀ। ਦੋਸਤਾਂ ਨੇ ਵੀ ਮੈਨੂੰ ਦੁਬਾਰਾ ਨਸ਼ਿਆਂ ਦੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕੀਤਾ। ਇਸ ਲਈ ਮੈਂ ਨਸ਼ਿਆਂ 'ਤੇ ਵਾਪਸ ਆ ਗਿਆ।"

ਇਹ ਸ਼ਬਦ ਇੱਕ 22 ਸਾਲਾ ਨੌਜਵਾਨ ਨੇ ਬੀਬੀਸੀ ਪੰਜਾਬੀ ਨੂੰ ਕਹੇ। ਉਸ ਨੂੰ ਅੰਮ੍ਰਿਤਸਰ ਸੈਂਟਰਲ ਜੇਲ੍ਹ ਤੋਂ ਕੁੱਝ ਮਹੀਨੇ ਪਹਿਲਾਂ ਹੀ ਰਿਹਾਅ ਕੀਤਾ ਗਿਆ ਸੀ। ਜਿੱਥੇ ਉਹ ਇਲਾਜ ਕਰਵਾ ਕੇ ਚਿੱਟਾ (ਹੈਰੋਇਨ ਅਤੇ ਹੋਰ ਪਦਾਰਥਾਂ ਦੀ ਸਿੰਥੈਟਿਕ ਡਰੱਗ) ਲੈਣਾ ਛੱਡ ਗਿਆ ਸੀ। ਇਹ ਸਥਿਤੀ ਉਸ ਸਮੇਂ ਹੋਰ ਵੀ ਚਿੰਤਾਜਨਕ ਹੋ ਜਾਂਦੀ ਹੈ ਜਦੋਂ ਭਾਰਤ ਦੀ ਕੋਰੋਨਾਵਾਇਰਸ ਦੀ ਟੈਸਟਿੰਗ ਦਰ ਦੁਨੀਆਂ ਵਿੱਚ ਸਭ ਤੋਂ ਘੱਟ ਹੈ।

ਮਾਹਿਰਾਂ ਨੂੰ ਇਹ ਵੀ ਡਰ ਹੈ ਕਿ ਭਾਰਤ ਦੀ ਸਿਹਤ ਪ੍ਰਣਾਲੀ ਇਸ ਮਹਾਂਮਾਰੀ ਦੇ ਮਰੀਜ਼ਾਂ ਦੀ ਸੁਨਾਮੀ ਅੱਗੇ ਟਿਕ ਨਹੀਂ ਸਕੇਗੀ।

ਹਾਲਾਂਕਿ ਇਸ ਵਿੱਚ ਤੇਜ਼ੀ ਨਾਲ ਸੁਧਾਰ ਲਿਆਉਣ ਦੇ ਯਤਨ ਤੇਜ਼ੀ ਨਾਲ ਕੀਤੇ ਜਾ ਰਹੇ ਹਨ

**ਮ੍ਰਿਤਕ ਦੇ ਉਹ ਆਖ਼ਰੀ ਦਿਨ...**

7 ਮਾਰਚ: ਦੋ ਹਫ਼ਤਿਆਂ ਦੇ ਜਰਮਨੀ ਅਤੇ ਇਟਲੀ ਦੇ ਦੌਰੇ ਤੋਂ ਬਾਅਦ, 70 ਸਾਲਾ ਬਜ਼ੁਰਗ ਪੰਜਾਬ ਦੇ ਨਵਾਂ ਸ਼ਹਿਰ ਵਿੱਚ ਆਪਣੇ ਪਿੰਡ ਪਠਲਾਵਾ ਵਾਪਸ ਪਰਤਿਆ।

ਉਨ੍ਹਾਂ ਦੇ ਪਰਵਾਰ ਦੇ ਮੈਂਬਰ ਅਤੇ ਜਾਣਕਾਰ ਬੜੇ ਖ਼ੁਸ਼ ਸਨ। ਵਿਦੇਸ਼ ਤੋਂ ਵਾਪਸ ਪਰਤਣ ਤੋਂ ਬਾਅਦ, ਧਾਰਮਿਕ ਪ੍ਰਚਾਰਕ ਨੇ ਆਪਣੇ ਘਰ ਦੇ ਵਿੱਚ ਹੀ ਨਿਯਮਾਂ ਅਨੁਸਾਰ ਕੁਆਰੰਟੀਨ ਯਾਨੀ ਅਲੱਗ ਰਹਿਣਾ ਸੀ।

8 ਮਾਰਚ: ਇਸ ਦੇ ਬਾਵਜੂਦ ਅਗਲੇ ਹੀ ਦਿਨ ਉਹ ਆਪਣੇ ਦੋ ਦੋਸਤਾਂ ਦੇ ਨਾਲ ਆਨੰਦਪੁਰ ਸਾਹਿਬ ਵਿਖੇ ਹੋਲੇ-ਮੁਹੱਲੇ ਵਿੱਚ ਸ਼ਾਮਲ ਹੋਣ ਲਈ ਪਹੁੰਚ ਗਏ। ਜਿਸ ਵਿੱਚ ਲੱਖਾਂ ਲੋਕ ਸ਼ਾਮਲ ਹੋਣ ਦੇਸ਼-ਵਿਦੇਸ਼ ਤੋਂ ਉਚੇਚੇ ਤੌਰ 'ਤੇ ਪਹੁੰਚਦੇ ਹਨ।

13 ਮਾਰਚ: ਜ਼ਿਲ੍ਹਾ ਪ੍ਰਸ਼ਾਸਨ ਨੂੰ ਕੇਂਦਰੀ ਵਿਦੇਸ਼ ਮੰਤਰਾਲੇ ਦੁਆਰਾ ਮਰਹੂਮ ਦੀ ਵਿਦੇਸ਼ ਯਾਤਰਾ ਬਾਰੇ ਸੁਚੇਤ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਨਿਗਰਾਨੀ ਹੇਠ ਰੱਖਿਆ ਜਾਂਦਾ ਹੈ। ਅਜੇ ਤੱਕ ਉਨ੍ਹਾਂ ਵਿੱਚ ਕੋਰੋਨਾਵਾਇਰਸ ਦੇ ਕੋਈ ਲੱਛਣ ਨਹੀਂ ਨਜ਼ਰ ਆਉਂਦੇ। ਹੌਲੀ-ਹੌਲੀ ਬਲਦੇਵ ਵਿੱਚ ਇਹ ਲੱਛਣ ਸ਼ੁਰੂ ਹੋ ਜਾਂਦੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਬਾਕੀ ਪਰਿਵਾਰਕ ਮੈਂਬਰਾਂ ਨਾਲੋਂ ਵੱਖ ਕੀਤਾ ਜਾਂਦਾ ਹੈ।

18 ਮਾਰਚ: ਪਿੰਡ ਆਉਣ ਤੋਂ ਪੰਜ ਦਿਨ ਬਾਅਦ ਬਜ਼ੁਰਗ ਦੀ ਮੌਤ ਹੋ ਗਈ। ਮੌਤ ਤੋਂ ਬਾਅਦ ਖੁਲਾਸਾ ਹੁੰਦਾ ਹੈ ਕਿ ਉਹ ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੇ ਮਰੀਜ਼ ਸਨ। ਉਨ੍ਹਾਂ ਦੀ ਮੌਤ ਮਗਰੋਂ ਕੀਤੇ ਕੋਰੋਨਾਵਾਇਰਸ ਦੇ ਟੈਸਟ ਦਾ ਨਤੀਜਾ ਵੀ ਪੌਜ਼ੀਟਿਵ ਆਇਆ। ਮੌਤ ਤੋਂ ਤਕਰੀਬਨ ਇੱਕ ਹਫ਼ਤੇ ਬਾਅਦ, ਜ਼ਿਲ੍ਹੇ ਵਿੱਚ 19 ਕੋਰੋਨਾਵਾਇਰਸ ਮਰੀਜ਼ ਸਨ। ਇਹ ਸਾਰੇ ਬਜ਼ੁਰਗ ਨਾਲ ਸੰਬੰਧਿਤ ਸਨ।

ਜ਼ਿਆਦਾਤਰ ਮਰਹੂਮ ਦੇ ਪਰਿਵਾਰ ਵਿਚੋਂ ਹਨ। ਨਾਲ ਲਗਦੇ ਜ਼ਿਲ੍ਹੇ ਹੁਸ਼ਿਆਰਪੁਰ ਵਿੱਚ ਚਾਰ ਮਰੀਜ਼। ਉਹ ਵੀ ਮਰਹੂਮ ਨਾਲ ਸੰਬੰਧਿਤ ਹਨ।

**ਸੁਪਰ-ਸਪਰੈਡਰ ਕੌਣ ਹੁੰਦੇ ਹਨ ?**

ਮ੍ਰਿਤਕ ਦਾ ਲੋਕਾਂ ਨਾਲ ਮੇਲਜੋਲ ਸਰਕਾਰੀ ਅਧਿਕਾਰੀਆਂ ਲਈ ਡੂੰਘੀ ਚਿੰਤਾ ਦੀ ਇੱਕ ਵੱਡੀ ਵਜ੍ਹਾ ਹੈ।

ਡਰ ਹੈ ਕਿ ਹੈ ਕਿ ਮਰਹੂਮ ਵਾਇਰਸ ਦਾ "ਸੁਪਰ ਸਪਰੈਡਰ" (ਉਹ ਜਿਸ ਵਿੱਚ ਵਾਇਰਸ ਦੀ ਭਰਮਾਰ ਹੋਵੇ।) ਹੋ ਸਕਦਾ ਹੈ। ਸੁਪਰ ਸਪਰੈਡਰ ਦੀ ਕੋਈ ਵਿਗਿਆਨਕ ਪਰਿਭਾਸ਼ਾ ਨਹੀਂ ਹੈ। ਹਾਲਾਂਕਿ ਇਸ ਸ਼ਬਦ ਦੀ ਵਰਤੋਂ ਉਸ ਸਮੇਂ ਹੁੰਦੀ ਹੈ ਜਦੋਂ ਇੱਕ ਮਰੀਜ਼ ਆਮ ਨਾਲੋਂ ਕਿਤੇ ਜ਼ਿਆਦਾ ਲੋਕਾਂ ਨੂੰ ਕਿਸੇ ਬੀਮਾਰੀ ਦੀ ਲਾਗ ਲਾਉਂਦਾ ਹੈ।

ਉਹ ਆਪਣੀ ਕਿੱਤੇ ਜਾਂ ਰਹਿਣ ਦੀ ਜਗ੍ਹਾ ਦੇ ਕਾਰਨ ਬਹੁਤ ਜ਼ਿਆਦਾ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਹਨ।

ਨਵਾਂ ਸ਼ਹਿਰ ਦੇ ਡਿਪਟੀ ਕਮਿਸ਼ਨਰ ਵਿਨੇ ਬੁਬਲਾਨੀ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ ਸੀ, "ਉਸ ਪਿੰਡ ਦੇ ਆਸ ਪਾਸ ਦੇ ਕਈ ਪਿੰਡ ਸੀਲ ਕਰ ਦਿੱਤੇ ਹਨ। ਉਨ੍ਹਾਂ ਦੇ ਸੰਪਰਕ ਵਿੱਚ ਆਏ ਲੋਕਾਂ ਦੀ ਗਿਣਤੀ ਹਮੇਸ਼ਾ ਵਧਦੀ ਰਹਿੰਦੀ ਹੈ। ਹਾਲਾਂਕਿ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ ਅਜਿਹੇ ਲੋਕਾਂ ਦੀ ਕੁੱਲ ਗਿਣਤੀ ਕਿੰਨੀ ਹੋ ਸਕਦੀ ਹੈ।"

ਨਾਲ ਲਗਦੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਵੀ ਪੰਜ ਪਿੰਡ ਸੀਲ ਹੋਏ ਜੋ ਕਿ ਪਠਲਾਵਾ ਦੇ ਨੇੜੇ ਹਨ।

**ਮ੍ਰਿਤਕ ਨੂੰ ਸੈਂਕੜੇ ਵਿਅਕਤੀ ਮਿਲੇ ਹੋਣਗੇ**

ਸ਼ਹੀਦ ਭਗਤ ਸਿੰਘ ਨਗਰ ਦੇ ਵਧੀਕ ਡਿਪਟੀ ਕਮਿਸ਼ਨਰ ਅਦਿੱਤਿਆ ਉੱਪਲ ਨੇ ਕਿਹਾ, "ਦੇਖੋ, ਉਹ ਦੋ ਵਿਅਕਤੀਆਂ ਜਿਨ੍ਹਾਂ ਨਾਲ ਉਹ ਜਰਮਨੀ ਅਤੇ ਇਟਲੀ ਗਏ ਸਨ, ਦੋਵੇਂ ਪੌਜ਼ੀਟਿਵ ਪਾਏ ਗਏ। ਉਹ ਇੱਕੋ ਪਿੰਡ ਦੇ ਹਨ। ਬਜ਼ੁਰਗ ਦੇ ਪਿੰਡ ਦੇ ਸਰਪੰਚ ਹਰਪਾਲ ਸਿੰਘ ਉਸ ਦੇ ਨਾਲ ਹੋਲਾ ਮੁਹੱਲਾ ਗਏ ਸੀ। ਉਨ੍ਹਾਂ ਦਾ ਟੈਸਟ ਵੀ ਪੌਜ਼ਿਟਿਵ ਪਾਇਆ ਗਿਆ।"

ਡੀ.ਸੀ. ਵਿਨੇ ਬੁਬਲਾਨੀ ਨੇ ਕਿਹਾ ਸੀ, "ਚੰਗੀ ਖ਼ਬਰ ਇਹ ਹੈ ਕਿ ਕੋਰੋਨਾਵਾਇਰਸ ਦੇ ਟੈਸਟ ਕਰਵਾਉਣ ਮਗਰੋਂ ਨੈਗੇਟਿਵ ਜ਼ਿਆਦਾ ਆਏ ਹਨ ਪੌਜ਼ਿਟਿਵ ਮਾਮਲਿਆਂ ਨਾਲੋਂ। ਬਹੁਤ ਸਾਰੇ ਜੋ ਪੌਜ਼ੀਟਿਵ ਆਏ ਵੀ ਹਨ ਕੋਈ ਗੰਭੀਰ ਲੱਛਣ ਨਹੀਂ ਵਿਖਾ ਰਹੇ। ਸੋ, ਮੈਂ ਕਾਫ਼ੀ ਆਸ਼ਾਵਾਦੀ ਹਾਂ।"

## ਨਿਊ ਯਾਰਕ 'ਚ ਕੋਰੋਨਾ ਕਰਕੇ ਇੱਕ ਪੰਜਾਬੀ ਸਮੇਤ ਦੋ ਭਾਰਤੀਆਂ ਦੀ ਮੌਤ

ਨਿਊਯਾਰਕ 'ਚ ਇੱਕ ਪੰਜਾਬੀ ਸਮੇਤ ਦੋ ਭਾਰਤੀਆਂ ਦੀ ਕੋਰੋਨਾ ਵਾਇਰਸ ਕਾਰਨ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਪੰਜਾਬੀ ਵਿਅਕਤੀ ਦੀ ਸ਼ਨਾਖ਼ਤ ਕੁਲਵਿੰਦਰ ਸਿੰਘ ਵਜੋਂ ਹੋਈ ਹੈ; ਜਦ ਕਿ ਭਾਰਤੀ ਮੂਲ ਦੇ ਇੱਕ ਪੱਤਰਕਾਰ ਬ੍ਰਹਮ ਕਾਂਚੀ ਬੋਟਲਾ ਦੀ ਵੀ ਕੋਰੋਨਾ ਕਾਰਨ ਹੀ ਮੌਤ ਹੋ ਗਈ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਕੋਰੋਨਾ-ਪਾਜ਼ਿਟਿਵ ਸ੍ਰੀ ਕੁਲਵਿੰਦਰ ਸਿੰਘ ਆਪਣੀ ਉਮਰ ਦੇ 60ਵਿਆਂ 'ਚ ਸਨ। ਉਹ ਮੂਲ ਰੂਪ 'ਚ ਜਲੰਧਰ ਜ਼ਿਲ੍ਹੇ 'ਚ ਆਦਮਪੁਰ ਲਾਗਲੇ ਪਿੰਡ ਜਲਪੋਤਾਂ ਦੇ ਜੰਮਪਲ਼ ਸਨ। ਉਨ੍ਹਾਂ ਦੀ ਇੱਕ ਧੀ ਅਮਰੀਕਾ 'ਚ ਤੇ ਦੂਜੀ ਜਲਪੋਤਾਂ 'ਚ ਹੀ ਰਹਿੰਦੀ ਹੈ। ਉੱਧਰ ਆਈਏਐੱਨਐੱਸ ਮੁਤਾਬਕ ਭਾਰਤੀ ਮੂਲ ਦੇ ਪੱਤਰਕਾਰ ਬ੍ਰਹਮ ਕਾਂਚੀਬੋਤਲਾ ਦਾ ਦੇਹਾਂਤ ਕੱਲ੍ਹ ਸੋਮਵਾਰ ਸਵੇਰੇ ਕੋਰੋਨਾ ਕਰਕੇ ਹੋਇਆ। ਉਹ ਪਿਛਲੇ 9 ਦਿਨਾਂ ਤੋਂ ਹਸਪਤਾਲ 'ਚ ਦਾਖ਼ਲ ਸਨ। ਉਹ 66 ਸਾਲਾਂ ਦੇ ਸਨ ਤੇ ਉਨ੍ਹਾਂ 11 ਵਰ੍ਹੇ 'ਮਰਜਰ ਮਾਰਕਿਟਸ' ਲਈ ਕੰਟੈਂਟ-ਐਡੀਟਰ ਵਜੋਂ ਕੰਮ ਕੀਤਾ ਸੀ। ਉਹ ਕੁਝ ਸਮਾਂ 'ਨਿਊਜ਼ ਇੰਡੀਆ ਟਾਈਮਜ਼' ਨਾਂਅ ਦੇ ਹਫ਼ਤਾਵਾਰੀ ਅਖ਼ਬਾਰ ਨਾਲ ਵੀ ਜੁੜੇ ਰਹੇ ਸਨ। ਸ੍ਰੀ ਬ੍ਰਹਮ ਕਾਂਚੀਬੋਤਲਾ 1992 'ਚ ਅਮਰੀਕਾ ਜਾ ਕੇ ਵੱਸ ਗਏ ਸਨ। ਉਸ ਤੋਂ ਪਹਿਲਾਂ ਭਾਰਤ 'ਚ ਵੀ ਉਹ ਕਈ ਅਖ਼ਬਾਰਾਂ ਤੇ ਰਸਾਲਿਆਂ ਨਾਲ ਜੁੜੇ ਰਹੇ।

## ਸਾਊਦੀ ਅਰਬ: ਸ਼ਾਪਿੰਗ ਮਾਲ ਦੀਆਂ ਟਰਾਲੀਆਂ 'ਤੇ ਥੁੱਕਣ ਵਾਲੇ ਨੂੰ ਹੋ ਸਕਦੀ ਹੈ ਸਜ਼ਾ-ਏ-ਮੌਤ



ਅੱਜ ਪੂਰੀ ਦੁਨੀਆ ਕੋਰੋਨਾ ਵਾਇਰਸ ਦੇ ਸੰਕਟ ਨਾਲ ਜੂਝ ਰਹੀ ਹੈ, ਪਰ ਇਸ ਦੇ ਨਾਲ ਹੀ ਕੁਝ ਲੋਕ ਆਪਣੀ ਬੇਵਕੂਫੀ ਅਤੇ ਲਾਪਰਵਾਹੀ ਕਾਰਨ ਸਮਾਜ ਲਈ ਖ਼ਤਰਾ ਬਣ ਕੇ ਸਾਹਮਣੇ ਆ ਰਹੇ ਹਨ। ਡਾਕਟਰਾਂ ਨਾਲ ਅਸ਼ਲੀਲਤਾ ਅਤੇ ਬੇਵਕੂਫੀ ਦੀਆਂ ਘਟਨਾਵਾਂ ਸਿਰਫ ਭਾਰਤ ਵਿੱਚ ਹੀ ਨਹੀਂ ਹੋ ਰਹੀਆਂ, ਬਲਕਿ ਸਭ ਤੋਂ ਸਖ਼ਤ ਕਾਨੂੰਨ ਵਾਲੇ ਸ਼ਰੀਅਤ ਵਾਲੇ ਦੇਸ਼ ਸਾਊਦੀ ਅਰਬ ਵਿੱਚ ਵੀ ਲੋਕ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਹੇ। ਇਥੇ ਇਕ ਸ਼ਾਪਿੰਗ ਮਾਲ ਦੇ ਸਾਮਾਨ ਦੀਆਂ ਟਰਾਲੀਆਂ 'ਤੇ ਥੁੱਕਣ ਵਾਲੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗਲਫ਼ ਨਿਊਜ਼ ਦੀਆਂ ਰਿਪੋਰਟਾਂ ਅਨੁਸਾਰ, ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਜੇ ਦੋਸ਼ੀ ਵਿਅਕਤੀ ਨੂੰ ਅਦਾਲਤ ਵਿੱਚ ਥੁੱਕਣ ਦਾ ਦੋਸ਼ੀ ਮੰਨਿਆ ਜਾਂਦਾ ਹੈ, ਤਾਂ ਉਸ ਨੂੰ ਸਜ਼ਾ-ਏ-ਮੌਤ ਦਿੱਤੀ ਜਾ ਸਕਦੀ ਹੈ। ਖ਼ਬਰਾਂ ਅਨੁਸਾਰ, ਇੱਕ ਅਣਜਾਣ ਵਿਅਕਤੀ ਉੱਤਰ-ਪੱਛਮੀ ਇਲਾਕੇ ਵਿੱਚ ਇੱਕ ਸ਼ਾਪਿੰਗ ਮਾਲ ਦੀਆਂ ਟਰਾਲੀਆਂ ਉੱਤੇ ਥੁੱਕਦਾ ਹੋਇਆ ਵੇਖਿਆ ਗਿਆ ਹੈ। ਪੁਲਿਸ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ ਗਈ ਜਿਸ ਤੋਂ ਬਾਅਦ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਥੁੱਕਣ ਦਾ ਮਾਮਲਾ ਵੀ ਤੇਜ਼ ਹੁੰਦਾ ਜਾ ਰਿਹਾ ਹੈ ਕਿਉਂਕਿ ਸਾਊਦੀ ਅਰਬ ਵਿੱਚ ਕੋਰੋਨਾਵਾਇਰਸ ਦਾ ਮਹਾਂਮਾਰੀ ਫੈਲ ਗਈ ਹੈ ਅਤੇ ਇਥੋਂ ਦਾ ਪ੍ਰਸ਼ਾਸਨ ਇਸ ਨੂੰ ਕਾਬੂ ਕਰਨ ਲਈ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਪਰ ਕੁਝ ਲੋਕ ਸਮੱਸਿਆ ਨੂੰ ਹੋਰ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਮੁਲਜ਼ਮ ਦਾ ਮਨੋਰਥ ਇਸ ਘਟਨਾ ਬਾਰੇ ਅਜੇ ਸਪੱਸ਼ਟ ਨਹੀਂ ਹੋਇਆ ਸੀ। ਪ੍ਰਸ਼ਾਸਨ ਨੇ ਮੁਲਜ਼ਮ ਵੱਲੋਂ ਕੀਤੇ ਕੰਮ ਨੂੰ ਸਭ ਤੋਂ ਖ਼ਤਰਨਾਕ ਅਪਰਾਧ ਮੰਨਿਆ ਹੈ। ਇਸ ਕਿਸਮ ਦੇ ਵਤੀਰੇ ਦੀ ਧਾਰਮਿਕ ਨੇਤਾਵਾਂ ਅਤੇ ਇਸਲਾਮ ਦੀ ਪਾਲਣਾ ਕਰਨ ਵਾਲਿਆਂ ਵੱਲੋਂ ਨਿੰਦਾ ਕੀਤੀ ਗਈ ਹੈ। ਇਹ ਮੰਨਿਆ ਜਾਂਦਾ ਹੈ ਕਿ ਦੋਸ਼ੀ ਵਿਅਕਤੀ ਨੇ ਜਾਣਬੁੱਝ ਕੇ ਕੋਰੋਨਾ ਮਹਾਂਮਾਰੀ ਫੈਲਾਉਣ ਦੇ ਇਰਾਦੇ ਨਾਲ ਅਜਿਹੀ ਹਰਕਤ ਕੀਤੀ ਸੀ। ਦੋਸ਼ੀ ਸਮਾਜ ਲਈ ਕਿਸੇ ਖ਼ਤਰੇ ਤੋਂ ਘੱਟ ਨਹੀਂ ਹੈ।

## ਲਿਬੀਆ ਦੇ ਸਾਬਕਾ ਪ੍ਰਧਾਨ ਮੰਤਰੀ ਮਹਿਮੂਦ ਜਿਬਰਿਲ ਦਾ ਕੋਰੋਨਾ ਵਾਇਰਸ ਕਾਰਨ ਦੇਹਾਂਤ

ਲਿਬੀਆ ਦੇ ਸਾਬਕਾ ਪ੍ਰਧਾਨ ਮੰਤਰੀ ਮਹਿਮੂਦ ਜਿਬਰਿਲ ਦਾ ਕੋਰੋਨਾ ਵਾਇਰਸ ਕਾਰਨ ਦੇਹਾਂਤ ਹੋ ਗਿਆ ਹੈ।। ਉਹ 68 ਸਾਲਾਂ ਦੇ ਸਨ। ਭਰੋਸੇਯੋਗ ਸੂਤਰਾਂ ਨੇ ਪੁਸ਼ਟੀ ਕੀਤੀ ਕਿ ਸ੍ਰੀ ਜਿਬਰਿਲ ਕੋਰੋਨਾ-ਪਾਜ਼ਿਟਿਵ ਸਨ। ਖ਼ਬਰ ਏਜੰਸੀ ਜ਼ਿਨਹੂਆ ਨੇ ਐਤਵਾਰ ਨੂੰ ਇਸ ਬਾਰੇ ਆਪਣੀ ਰਿਪੋਰਟ 'ਚ ਦੱਸਿਆ ਕਿ ਸ੍ਰੀ ਜਿਬਰਿਲ ਕੁਝ ਸਮਾਂ ਪਹਿਲਾਂ ਹੀ ਕੋਵਿਡ-19 ਭਾਵ ਕੋਰੋਨਾ ਵਾਇਰਸ ਦੀ ਲਪੇਟ 'ਚ ਆ ਗਏ ਸਨ ਤੇ ਉਨ੍ਹਾਂ ਦਾ ਦੇਹਾਂਤ ਸਨਿੱਚਰਵਾਰ ਦੇਰ ਰਾਤੀਂ ਹੋ ਗਿਆ ਸੀ। ਸੂਤਰਾਂ ਨੇ ਕਿਹਾ ਕਿ ਐਤਵਾਰ ਨੂੰ ਉਨ੍ਹਾਂ ਦੇ ਦੇਹਾਂਤ ਅਧਿਕਾਰਤ ਤੌਰ 'ਤੇ ਪੁਸ਼ਟੀ ਕੀਤੀ ਗਈ ਸੀ। ਇਸ ਤੋਂ ਪਹਿਲਾਂ ਕੋਰੋਨਾ ਵਾਇਰਸ ਦੀ ਲਾਗ ਦੀ ਲਪੇਟ 'ਚ ਆਉਣ ਤੋਂ ਬਾਅਦ ਉਨ੍ਹਾਂ ਨੂੰ ਕਾਹਿਰਾ ਦੇ ਇੱਕ ਹਸਪਤਾਲ 'ਚ 10 ਦਿਨਾਂ ਤੱਕ ਰੱਖਿਆ ਗਿਆ ਸੀ। ਲਿਬੀਆ ਦੇ ਸਾਬਕਾ ਆਗੂ ਮੁਅੰਮਰ ਅਲ-ਗ਼ੱਦਾਫ਼ੀ ਨੂੰ ਹਟਾਉਣ ਤੇ ਮਾਰਨ ਦੇ ਇੱਕ ਸਾਲ ਬਾਅਦ ਸਾਲ 2012 'ਚ ਗਠਤ ਹੋਏ ਉਦਾਰਵਾਦੀ ਦਲਾਂ ਦੇ ਗੱਠਜੋੜ 'ਨੈਸ਼ਨਲ ਫ਼ੋਰਸੇਜ਼ ਅਲਾਇੰਸ' ਮੁਖੀ ਸ੍ਰੀ ਮਹਿਮੂਦ ਜਿਬਰਿਲ ਹੀ ਸਨ। ਕੋਰੋਨਾ ਵਾਇਰਸ ਨੇ ਸਮੁੱਚੇ ਵਿਸ਼ਵ 'ਚ ਤਬਾਹੀ ਮਚਾਈ ਹੋਈ ਹੈ। ਇਸ ਵਾਇਰਸ ਤੋਂ ਪੂਰੀ ਦੁਨੀਆ ਦੇ 13.5 ਲੱਖ ਵਿਅਕਤੀ ਇਸ ਵੇਲੇ ਪੀੜਤ ਹਨ। ਹੁਣ ਤੱਕ 74,565 ਵਿਅਕਤੀ ਇਸ ਘਾਤਕ ਵਾਇਰਸ ਕਾਰਨ ਹੀ ਆਪਣੀ ਜਾਨ ਤੋਂ ਹੱਥ ਧੋ ਬੈਠੇ ਹਨ। ਭਾਰਤ 'ਚ ਇਹ ਵਾਇਰਸ ਹੁਣ ਤੱਕ 111 ਜਾਨਾਂ ਲੈ ਚੁੱਕਾ ਹੈ ਤੇ 4,281 ਵਿਅਕਤੀ ਇਸ ਵਾਇਰਸ ਤੋਂ ਪੀੜਤ ਹਨ।

# ਆਰਥਿਕਤਾ ਦਾ ਵੱਡਾ ਸੰਕਟ

ਪੂਰੀ ਦੁਨੀਆਂ ਇਸ ਸਮੇਂ ਕੋਰੋਨਾ ਮਹਾਂਮਾਰੀ ਨਾਲ ਜੂਝ ਰਹੀ ਹੈ। ਲੱਗਭੱਗ ਸਾਰੇ ਦੇਸ਼ਾਂ ਦੇ ਸਾਹਮਣੇ ਇਸ ਸਮੇਂ ਜਿਥੇ ਪਹਿਲੀ ਅਤੇ ਵੱਡੀ ਚੁਣੌਤੀ ਲੋਕਾਂ ਨੂੰ ਮਰਨ ਤੋਂ ਬਚਾਉਣ ਅਤੇ ਮਹਾਂਮਾਰੀ ਦਾ ਪ੍ਰਕੋਪ ਖਤਮ ਕਰਨ ਦੀ ਹੈ, ਓਹੀ ਅਰਥ ਵਿਵਸਥਾ ਨੂੰ ਬਚਾਈ ਰੱਖਣ ਦਾ ਸੰਕਟ ਵੀ ਮਾਮੂਲੀ ਨਹੀਂ ਹੈ। ਉਂਝ ਦੁਨੀਆਂ ਵਿੱਚ ਪਿਛਲੇ ਕੁਝ ਸਮੇਂ ਤੋਂ ਆਰਥਿਕ ਸੁਸਤੀ ਦਾ ਦੌਰ ਤਾਂ ਚਲ ਰਿਹਾ ਸੀ, ਪਰ ਉਦੋਂ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇਹ ਮਹਾਂਮਾਰੀ ਅਚਾਨਕ ਦਸਤਕ ਦੇਵੇਗੀ ਅਤੇ ਸਭ ਕੁਝ ਠੱਪ ਕਰਕੇ ਰੱਖ ਦੇਵੇਗੀ। ਪਿਛਲੇ ਦੋ ਮਹੀਨਿਆਂ ਵਿੱਚ ਏਸ਼ੀਆ, ਯੂਰਪ ਅਤੇ ਅਮਰੀਕਾ ਦੇ ਬਾਜ਼ਾਰਾਂ ਦਾ ਜੋ ਹਾਲ ਹੋਇਆ ਹੈ, ਉਹ ਕੌਮਾਂਤਰੀ ਅਰਥ ਵਿਵਸਥਾ ਦੀ ਹਾਲਤ ਦੱਸਣ ਲਈ ਕਾਫੀ ਹੈ। ਇਟਲੀ, ਸਪੇਨ, ਬ੍ਰਿਟੇਨ, ਜਰਮਨੀ ਜਿਹੇ ਯੂਰਪੀ ਦੇਸ਼ਾਂ ਅਤੇ ਅਮਰੀਕਾ ਵਿੱਚ ਕੋਰੋਨਾ ਲਾਗ ਕਾਰਨ ਹੋਣ ਵਾਲੀਆਂ ਮੌਤਾਂ ਦਾ ਵੱਧਦਾ ਆਂਕੜਾ ਤਾਂ ਚਿੰਤਾ ਪੈਦਾ ਕਰ ਹੀ ਰਿਹਾ ਹੈ, ਦੂਜੇ ਪਾਸੇ ਇਨ੍ਹਾਂ ਦੇਸ਼ਾਂ ਵਿੱਚ ਵਪਾਰਕ ਸਰਗਰਮੀਆਂ ਬੰਦ ਜਿਹੀਆਂ ਹੀ ਹਨ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਲੱਖਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਗੁਜ਼ਾਰਾ ਕਰਨ ਦੇ ਲਈ ਪੈਸੇ ਨਹੀਂ ਹਨ। ਇਟਲੀ ਵਿੱਚ ਤਾਂ ਲੁੱਟਮਾਰ ਦੀਆਂ ਘਟਨਾਵਾਂ ਵੀ ਹੋ ਰਹੀਆਂ ਹਨ। ਪਿਛਲੇ ਦਿਨੀਂ ਜਰਮਨੀ ਦੇ ਹੇਸ ਪ੍ਰਾਂਤ ਦੇ ਵਿੱਤ ਮੰਤਰੀ ਨੇ ਇਸ ਚਿੰਤਾ ਵਿੱਚ ਖ਼ੁਦਕਸ਼ੀ ਕਰ ਲਈ ਸੀ ਕਿ ਕੋਰੋਨਾ ਕਾਰਨ ਜਰਮਨੀ ਦੀ ਅਰਥ ਵਿਵਸਥਾ ਜਿਸ ਤਰ੍ਹਾਂ ਨਾਲ ਲੜਖੜਾ ਗਈ ਹੈ, ਉਸ ਤੋਂ ਉਭਰਨ ਦੇ ਰਸਤੇ ਨਜ਼ਰ ਨਹੀਂ ਆ ਰਹੇ। ਸ਼ਾਇਦ ਹੀ ਪਹਿਲਾਂ ਕਦੇ ਅਜਿਹਾ ਹੋਇਆ ਹੋਵੇ ਜੋ ਕਿਸੇ ਦੇਸ਼ ਦੇ ਵਿੱਤ ਮੰਤਰੀ ਨੇ ਦੇਸ਼ ਦੀ ਢਹਿੰਦੀ ਅਰਥ ਵਿਵਸਥਾ ਦੇ ਸਦਮੇ ਵਿੱਚ ਅਜਿਹਾ ਆਤਮਘਾਤੀ ਕਦਮ ਚੁੱਕਿਆ ਹੋਵੇ। ਅਰਥ ਵਿਵਸਥਾ ਦੇ ਮੋਰਚੇ ਉਤੇ ਕੋਈ ਖਤਰਾ ਖੜ੍ਹਾ ਨਾ ਹੋਵੇ, ਇਸ ਡਰ ਤੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਇਥੇ ਲਾਕਡਾਊਨ ਭਾਵ ਪੂਰਨ ਬੰਦੀ ਜਿਹਾ ਕਦਮ ਨਹੀਂ ਉਠਾਇਆ ਅਤੇ ਇਸ ਦੀ ਕੀਮਤ ਅਮਰੀਕਾ ਨੂੰ ਹੁਣ ਆਪਣੇ ਨਾਗਰਿਕਾਂ ਦੀ ਜਾਨ ਦੇ ਰੂਪ ਵਿੱਚ ਚੁਕਾਉਣੀ ਪੈ ਰਹੀ ਹੈ। ਕਰੀਬ ਤਿੰਨ ਲੱਖ ਅਮਰੀਕੀ ਇਸ ਮਹਾਂਮਾਰੀ ਦੀ ਲਪੇਟ ਵਿੱਚ ਹਨ ਜਦਕਿ ਜ਼ਿਆਦਾਤਰ ਯੂਰਪੀ ਦੇਸ਼ਾਂ ਨੇ ਆਪਣੇ ਇਥੇ ਪਹਿਲਾਂ ਹੀ ਪੂਰਨ ਬੰਦੀ ਲਾਗੂ ਕਰ ਦਿੱਤੀ ਸੀ। ਮੰਨਿਆ ਜਾ ਰਿਹਾ ਹੈ ਕਿ ਕੋਰੋਨਾ ਸੰਕਟ ਕਾਰਨ ਯੂਰਪ ਦੀ ਅਰਥ ਵਿਵਸਥਾ ਵਿੱਚ ਭਾਰੀ ਗਿਰਾਵਟ ਦਾ ਦੌਰ ਲੰਬੇ ਸਮੇਂ ਬਣਿਆ ਰਹਿ ਸਕਦਾ ਹੈ ਅਤੇ ਇਸ ਵਿੱਚ ਕਰੀਬ ਤੀਹ ਫੀਸਦੀ ਤੱਕ ਦੀ ਕਮੀ ਦੇਖਣ ਨੂੰ ਮਿਲ ਸਕਦੀ ਹੈ। ਹਾਲੇ ਜ਼ਿਆਦਾਤਰ ਦੇਸ਼ਾਂ ਵਿਚਾਲੇ ਕਾਰੋਬਾਰੀ ਸਰਗਰਮੀਆਂ ਠੱਪ ਹਨ। ਸਿਰਫ ਜ਼ਰੂਰੀ ਸਮਾਨ ਨੂੰ ਛੱਡ ਕੇ ਸਾਰੇ ਕਾਰਖਾਨੇ ਬੰਦ ਹਨ। ਬੈਂਕਾਂ ਉਤੇ ਵੀ ਇਸ ਦਾ ਅਸਰ ਪਿਆ ਹੈ। ਜ਼ਾਹਿਰ ਹੈ ਕਿ ਸਾਰੇ ਦੇਸ਼ਾਂ ਦੀ ਤਰਜੀਹ ਪਹਿਲਾਂ ਮਹਾਂਮਾਰੀ ਨਾਲ ਮੁਕਾਬਲਾ ਕਰਨ ਦੀ ਹੈ। ਅਰਥ ਵਿਵਸਥਾ ਨੂੰ ਲੈ ਕੇ ਭਾਰਤ ਦੀ ਦਸ਼ਾ ਵੀ ਕੋਈ ਜ਼ਿਆਦਾ ਚੰਗੀ ਨਹੀਂ ਹੈ। ਭਾਰਤ ਡੇਢ-ਦੋ ਸਾਲ ਤੋਂ ਆਰਥਿਕ ਸੁਸਤੀ ਦਾ ਸਾਹਮਣਾ ਕਰ ਹੀ ਰਿਹਾ ਸੀ ਪਰ ਹੁਣ ਕੋਰੋਨਾ ਦਾ ਸੰਕਟ ਆ ਖੜ੍ਹਾ ਹੋਇਆ ਅਤੇ ਇਸ ਨਾਲ ਨਿਪਟਣ ਦੇ ਲਈ ਸਰਕਾਰ ਨੂੰ ਵੱਡੇ ਪੈਮਾਨੇ ਉਤੇ ਆਰਥਿਕ ਅਤੇ ਵਿੱਤੀ ਸਾਧਨ ਝੋਕਣੇ ਪਏ ਹਨ। ਇਹ ਅਚਾਨਕ ਆਏ ਕਿਸੇ ਵੱਡੇ ਖਰਚ ਦੀ ਤਰ੍ਹਾਂ ਹੈ ਜੋ ਕਿਸੇ ਦਾ ਵੀ ਬਜਟ ਵਿਗਾੜ ਸਕਦਾ ਹੈ। ਹਾਲ ਹੀ ਵਿੱਚ ਰੇਟਿੰਗ ਏਜੰਸੀ ਫਿਚ ਨੇ ਭਾਰਤੀ ਅਰਥ ਵਿਵਸਥਾ ਵਿੱਚ ਭਾਰੀ ਗਿਰਾਵਟ ਦੀ ਗੱਲ ਕਹੀ ਸੀ ਪਰ ਏਸ਼ੀਆਈ ਵਿਕਾਸ ਬੈਂਕ ਦਾ ਮੰਨਣਾ ਹੈ ਕਿ ਭਾਰਤ ਜਲਦ ਹੀ ਸੰਕਟ ਵਿਚੋਂ ਨਿਕਲ ਜਾਵੇਗਾ ਅਤੇ ਇਸ ਸਾਲ ਵਿਕਾਸ ਦਰ ਭਾਵੇਂ ਚਾਰ ਫੀਸਦੀ ਰਹੇ ਪਰ ਅਗਲੇ ਸਾਲ ਇਹ ਛੇ ਫੀਸਦੀ ਤੱਕ ਪਹੁੰਚ ਸਕਦੀ ਹੈ। ਫੌਰੀ ਸੰਕਟ ਇਹ ਹੈ ਕਿ ਪੂਰਨ ਬੰਦੀ ਦੇ ਦੌਰਨ ਜ਼ਿਆਦਾਤਰ ਉਤਪਾਦਨ ਕੇਂਦਰ ਭਾਵ ਕਾਰਖਾਨੇ ਬੰਦ ਕਰਨੇ ਪਏ ਹਨ। ਛੋਟੇ ਅਤੇ ਦਰਮਿਆਨੇ ਉਦਯੋਗਾਂ ਦੇ ਬੰਦ ਹੋਣ ਨਾਲ ਲੋਕਾਂ ਦੇ ਸਾਹਮਣੇ ਜੀਵਨ ਜਿਊਣ ਦਾ ਸੰਕਟ ਖੜ੍ਹਾ ਹੋ ਗਿਆ ਹੈ ਪਰ ਕੋਰੋਨਾ ਸੰਕਟ ਨੂੰ ਦੇਖਦੇ ਹੋਏ ਅਜਿਹਾ ਫੈਸਲਾ ਜ਼ਰੂਰੀ ਵੀ ਸੀ ਨਹੀਂ ਤਾਂ ਅਮਰੀਕਾ ਜਿਹੇ ਦਿਨ ਦੇਖਣੇ ਪੈ ਜਾਂਦੇ।

# ਆਦਤ ਤੋਂ ਲਾਚਾਰ ਹੈ ਪਾਕਿਸਤਾਨ

ਇਸ ਸਮੇਂ ਸਾਰੀ ਦੁਨੀਆਂ ਕੋਰੋਨਾ ਵਿਸ਼ਾਣੂ ਦੀ ਲਾਗ ਤੋਂ ਪਾਰ ਪਾਉਣ ਲਈ ਜਦੋ-ਜਹਿਦ ਵਿੱਚ ਲੱਗੀ ਹੋਈ ਹੈ। ਪਾਕਿਸਤਾਨ ਖ਼ੁਦ ਇਸ ਮਹਾਂਮਾਰੀ ਦੀ ਲਪੇਟ ਵਿੱਚ ਹੈ ਅਤੇ ਉਸ ਨੂੰ ਆਪਣੇ ਲੋਕਾਂ ਨੂੰ ਸੁਰੱਖਿਅਤ ਰੱਖਣ ਦਾ ਕੋਈ ਉਪਾਅ ਨਹੀਂ ਸੁਝ ਰਿਹਾ, ਉਦੋਂ ਵੀ ਉਥੋਂ ਅੱਤਵਾਦੀ ਘੁਸਪੈਠ ਦੀਆਂ ਸਰਗਰਮੀਆਂ ਰੁਕ ਨਹੀਂ ਰਹੀਆਂ। ਉਥੇ ਪਲ ਰਹੇ ਅੱਤਵਾਦੀ ਸੰਗਠਨਾਂ ਅਤੇ ਉਥੋਂ ਦੀ ਫੌਜ ਦਾ ਸ਼ਾਇਦ ਇਕ ਹੀ ਮਕਸਦ ਹੈ, ਅੱਤਵਾਦ ਫੈਲਾਉਣਾ। ਇਹੀ ਕਾਰਨ ਹੈ ਕਿ ਜੰਮੂ-ਕਸ਼ਮੀਰ ਦੇ ਕੁੱਪਵਾੜਾ ਖੇਤਰ ਵਿੱਚ ਕੰਟਰੋਲ ਰੇਖਾ ਉਤੇ ਪਾਕਿ ਵਲੋਂ ਅੱਤਵਾਦੀਆਂ ਨੇ ਫਿਰ ਘੁਸਪੈਠ ਦੀ ਕੋਸ਼ਿਸ਼ ਕੀਤੀ। ਪਿਛਲੇ ਹਫਤੇ ਤੋਂ ਹੀ ਉਸ ਦੀਆਂ ਕੋਸ਼ਿਸ਼ਾਂ ਦੇਖੀਆਂ ਜਾ ਰਹੀਆਂ ਹਨ। ਬੀਤੇ ਸ਼ੁੱਕਰਵਾਰ ਨੂੰ ਵੀ ਕੁਝ ਅੱਤਵਾਦੀ ਭਾਰਤ ਦੀ ਸਰਹੱਦ ਵਿੱਚ ਦਾਖਲ ਹੁੰਦੇ ਦੇਖੇ ਗਏ ਸਨ, ਜਿਨ੍ਹਾਂ ਵਿਚੋਂ ਭਾਰਤੀ ਫੌਜ ਨੇ ਚਾਰ ਨੂੰ ਮਾਰ ਦਿੱਤਾ। ਤਾਜ਼ਾ ਘੁਸਪੈਠ ਵਿੱਚ ਵੀ ਪੰਜ ਅੱਤਵਾਦੀ ਮਾਰੇ ਗਏ। ਇਸ ਘੁਸਪੈਠ ਵਿੱਚ ਫੌਜ ਦੇ ਵੀ ਤਿੰਨ ਜਵਾਨ ਸ਼ਹੀਦ ਹੋ ਗਏ। ਲੁਕੀ ਗੱਲ ਨਹੀਂ ਹੈ ਕਿ ਪਾਕਿਤਸਾਨ ਵਲੋਂ ਹੋਣ ਵਾਲੀ ਘੁਸਪੈਠ ਵਿੱਚ ਉਥੋਂ ਦੀ ਫੌਜ ਦਾ ਭਰਪੂਰ ਸਹਿਯੋਗ ਨਜ਼ਰ ਆਇਆ। ਜਦੋਂ ਤੋਂ ਕਸ਼ਮੀਰ ਤੋਂ ਧਾਰਾ 370 ਹਟਾਈ ਗਈ ਹੈ, ਪਾਕਿਸਤਾਨ ਦੀ ਬੌਖਲਾਹਟ ਵੱਧ ਗਈ ਹੈ। ਦੁਨੀਆਂ ਦੇ ਤਮਾਮ ਮੰਚਾਂ 'ਤੇ ਗੁਹਾਰ ਲੱਗਾ-ਲੱਗਾ ਕੇ ਉਹ ਥੱਕ ਚੁੱਕਾ ਹੈ, ਕਿਧਰੇ ਤੋਂ ਵੀ ਉਸ ਨੂੰ ਸਹਾਰਾ ਨਹੀਂ ਮਿਲਿਆ। ਇਸ ਕਾਰਨ ਵੀ ਉਹ ਆਪਣੇ ਇਥੇ ਸਿਖਲਾਈ ਪ੍ਰਾਪਤ ਕੱਟੜਪੰਥੀਆਂ ਨੂੰ ਭਾਰਤੀ ਸਰਹੱਦ ਵਿੱਚ ਕਿਸੇ ਤਰ੍ਹਾਂ ਦਾਖਲ ਕਰਵਾ ਕੇ ਉਥੇ ਅਸਥਿਰਤਾ ਪੈਦਾ ਕਰਨਾ ਚਾਹੁੰਦਾ ਹੈ। ਹਾਲਾਂਕਿ ਪਾਕਿਸਤਾਨ ਦੀਆਂ ਅਜਿਹੀਆਂ ਕੋਸ਼ਿਸ਼ਾਂ ਨਹੀਂ ਹਨ, ਪਰ ਇਕ ਅਜਿਹੇ ਸਮੇਂ ਜਦੋਂ ਉਹ ਖੁਦ ਕੋਰੋਨਾ ਵਿਸ਼ਾਣੂ ਦੇ ਪ੍ਰਭਾਵ ਤੋਂ ਪ੍ਰੇਸ਼ਾਨ ਹੈ, ਉਸ ਦਾ ਧਿਆਨ ਉਸ ਤੋਂ ਪਾਰ ਪਾਉਣ ਦੀ ਬਜਾਏ ਉਹ ਭਾਰਤ ਵਿੱਚ ਅੱਤਵਾਦੀ ਭੇਜਣ ਉਤੇ ਲੱਗਿਆ ਹੋਇਆ ਹੈ, ਇਹ ਉਸ ਦੀ ਕਿਹੋ ਜਿਹੀ ਮਾਨਸਿਕਤਾ ਹੈ, ਸਮਝਣਾ ਮੁਸ਼ਕਿਲ ਹੈ, ਇਸ ਸਮੇਂ ਭਾਰਤ ਵਿੱਚ ਬੰਦੀ ਦਾ ਆਲਮ ਹੈ, ਹਰ ਪਾਸੇ ਸੁਰੱਖਿਆ ਬਲਾਂ ਦੀ ਚੌਕਸੀ ਹੈ ਕਿ ਲੋਕ ਘਰਾਂ ਤੋਂ ਬਾਹਰ ਨਾ ਨਿਕਲਣ। ਸੜਕਾਂ ਉਤੇ ਗੱਡੀਆਂ ਦੀ ਆਵਾਜਾਈ ਬੰਦ ਹੈ। ਇਸ ਨਾਲ ਘੁਸਪੈਠ 'ਤੇ ਨਜ਼ਰ ਰੱਖਣਾ ਜ਼ਿਆਦਾ ਆਸਾਨ ਹੋ ਜਾਂਦਾ ਹੈ ਕਿਉਂਕਿ ਆਮ ਨਾਗਰਿਕ ਸਰਗਰਮੀਆਂ ਬਿਲਕੁਲ ਰੁਕੀਆਂ ਹੋਈਆਂ ਹਨ। ਇਸ ਦੇ ਬਾਵਜੂਦ ਉਥੋਂ ਦੀ ਫੌਜ ਜੇਕਰ ਅੱਤਵਾਦੀਆ ਦੀ ਘੁਸਪੈਠ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਇਹ ਉਸ ਦੀ ਕੋਈ ਪੁਖਤਾ ਰਣਨੀਤੀ ਨਹੀਂ ਬਲਕਿ ਬੌਖਲਾਹਟ ਹੀ ਕਹੀ ਜਾ ਸਕਦੀ ਹੈ। ਅਸਲ ਵਿੱਚ ਕਸ਼ਮੀਰ ਵਿੱਚ ਹੌਲੀ-ਹੌਲੀ ਸਥਿਤੀ ਸੁਧਰ ਰਹੀ ਹੈ। ਨਜ਼ਰਬੰਦ ਨੇਤਾਵਾਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ, ਉਥੇ ਲੋਕਤੰਤਰੀ ਪ੍ਰਕ੍ਰਿਆ ਦੀ ਬਹਾਲੀ ਦੀ ਸੂਰਤ ਬਣ ਰਹੀ ਹੈ। ਲੋਕ ਆਮ ਜੀਵਨ ਵੱਲ ਪਰਤਣਾ ਚਾਹੁੰਦੇ ਹਨ। ਅਜਿਹੇ ਵਿੱਚ ਪਾਕਿਸਤਾਨ ਨੂੰ ਆਪਣੀ ਹਾਰ ਨਜ਼ਰ ਆ ਰਹੀ ਹੈ। ਕਿਸੇ ਵੀ ਤਰ੍ਹਾਂ ਉਥੇ ਅਸਥਿਰਤਾ ਪੈਦਾ ਕਰਕੇ ਭਾਰਤ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਾਕਿਸਤਾਨ ਦੇ ਅੱਤਵਾਦ ਨੂੰ ਹੱਲਾਸ਼ੇਰੀ ਦੇਣ ਪਿਛੇ ਕਈ ਕਾਰਨ ਹਨ। ਇਕ ਤਾਂ ਉਹ ਇਸ ਤਰ੍ਹਾਂ ਭਾਰਤ ਨਾਲ ਅਸਿਧਾ ਯੁੱਧ ਜਾਰੀ ਰੱਖਣਾ ਚਾਹੁੰਦਾ ਹੈ। ਦੂਜਾ ਇਸ ਨਾਲ ਉਥੋਂ ਦੀਆਂ ਕੱਟੜਪੰਥੀ ਤਾਕਤਾਂ ਨੂੰ ਸੰਤੁਸ਼ਟ ਰੱਖਣ ਵਿੱਚ ਮਦਦ ਮਿਲਦੀ ਹੈ। ਤੀਜਾ ਉਥੋਂ ਦੀ ਫੌਜ ਅਤੇ ਖੁਫੀਆ ਏਜੰਸੀਆਂ ਨੂੰ ਆਪਣੀ ਅਹਿਮੀਅਤ ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ। ਇਸ ਦੇ ਇਲਾਵਾ ਪਾਕਿਸਤਾਨੀ ਹੁਕਮਰਾਨਾਂ ਨੂੰ ਆਪਣੇ ਦੇਸ਼ ਦੀਆਂ ਅਸਲ ਸਮੱਸਿਆਵਾਂ ਵੱਲ ਆਮ ਲੋਕਾਂ ਦਾ ਧਿਆਨ ਭਟਕਾਈ ਰੱਖਣ ਵਿੱਚ ਸਹੂਲਤ ਮਿਲਦੀ ਹੈ। ਪਾਕਿਸਤਾਨ ਤਮਾਮ ਤਰ੍ਹਾਂ ਦੀਆਂ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉਥੋਂ ਦੀ ਅਰਥ ਵਿਵਸਥਾ ਖੋਖਲੀ ਹੋ ਚੁੱਕੀ ਹੈ, ਸਿਹਤ ਅਤੇ ਸਿੱਖਿਆ ਦਾ ਹਾਲ ਬੁਰਾ ਹੈ, ਉਪਰੋਂ ਉਥੇ ਕੋਰੋਨਾ ਮਹਾਂਮਾਰੀ ਬਣ ਕੇ ਟੁੱਟ ਪਿਆ ਹੈ।

# ਮਰਕਜ਼ ਖਿਲਾਫ ਉਠਦੇ ਸਵਾਲ

ਜੇਕਰ ਤਬਲੀਗੀ ਮਰਕਜ਼ ਨੇ ਲਾਹਪ੍ਰਵਾਹੀ ਨਾ ਕੀਤੀ ਹੁੰਦੀ ਤਾਂ ਦੇਸ਼ ਵਿੱਚ ਕੋਰੋਨਾ ਨੂੰ ਵੱਡੇ ਪੈਮਾਨੇ 'ਤੇ ਫੈਲਣ ਤੋਂ ਰੋਕਿਆ ਜਾ ਸਕਦਾ ਸੀ। ਦਿੱਲੀ ਵਿੱਚ ਕੋਰੋਨਾ ਲਾਗ ਦੇ ਜਿੰਨੇ ਲੋਕ ਸਾਹਮਣੇ ਆਏ ਹਨ, ਉਨ੍ਹਾਂ ਵਿਚੋਂ ਘੱਟ ਤੋਂ ਘੱਟ 30 ਫੀਸਦੀ ਮਰੀਜ਼ ਤਬਲੀਗੀ ਮਰਕਜ਼ ਦੀ ਦੇਣ ਹਨ। ਸਿਹਤ ਮੰਤਰਾਲੇ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕੋਰੋਨਾ ਲਾਗ ਫੈਲਣ ਦੀ ਦਰ ਵਿੱਚ ਤੇਜ਼ੀ ਮਰਕਜ਼ ਤੋਂ ਨਿਕਲੇ ਲੋਕਾਂ ਦੇ ਕਾਰਨ ਹੀ ਆਈ। ਖੌਫਨਾਕ ਇਹ ਹੈ ਕਿ ਸਿਰਫ ਦਿੱਲੀ ਹੀ ਨਹੀਂ, ਤਬਲੀਗੀ ਮਰਕਜ਼ ਕਾਰਨ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਲੋਕ ਪਹੁੰਚੇ ਅਤੇ ਦੂਜਿਆਂ ਨੂੰ ਇਹ ਲਾਗ ਲਗਾਈ। ਤਾਮਿਲਨਾਡੂ, ਆਂਧਰਾ ਪ੍ਰਦੇਸ਼, ਤੇਲੰਗਾਨਾ, ਉਤਰ ਪ੍ਰਦੇਸ਼, ਰਾਜਸਥਾਨ ਜਿਹੇ ਸੂਬਿਆਂ ਵਿੱਚ ਕੋਰੋਨਾ ਲਾਗ ਦੇ ਮਰੀਜ਼ਾਂ ਵਿੱਚ ਅਜਿਹੇ ਲੋਕਾਂ ਦੀ ਗਿਣਤੀ ਘਟ ਨਹੀਂ ਹੈ ਜੋ ਪਿਛਲੇ ਦਿਨੀਂ ਮਰਕਜ਼ ਤੋਂ ਵਾਪਸ ਆਏ ਸਨ। ਹੁਣ ਤਾਂ ਪੰਜਾਬ ਅਤੇ ਹਰਿਆਣਾ ਵਿੱਚ ਵੀ ਮਰਕਜ਼ ਤੋਂ ਆਏ ਲੋਕਾਂ ਦੇ ਮਾਮਲੇ ਸਾਹਮਣੇ ਆਏ ਹਨ। ਹੁਣ ਜਿਵੇਂ-ਜਿਵੇਂ ਮਰਕਜ਼ ਦੇ ਅੰਦਰ ਜਾਂਦਾ ਦਾਇਰਾ ਵੱਧ ਰਿਹਾ ਹੈ, ਤਾਂ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆ ਰਹੇ ਹਨ। ਸੈਂਕੜੇ ਲੋਕਾਂ ਦਾ ਰੋਜ਼ਾਨਾ ਬੇਰੋਕ ਟੋਕ ਆਉਣਾ-ਜਾਣਾ, ਕੇਂਦਰ ਅਤੇ ਦਿੱਲੀ ਸਰਕਾਰ ਦੀ ਸਖਤੀ ਦੇ ਬਾਅਦ ਵੀ ਚੁੱਪਚਾਪ ਤੌਰ 'ਤੇ ਆਯੋਜਨਾਂ ਦਾ ਜਾਰੀ ਰਹਿਣਾ, ਮਰਕਜ਼ ਦੇ ਲੋਕਾਂ ਦਾ ਲੁਕੇ ਰਹਿਣਾ ਆਦਿ ਅਜਿਹੇ ਸਵਾਲ ਹਨ ਜੋ ਸਾਡੀ ਖੁਫੀਆ ਵਿਵਸਥਾ, ਸੁਰੱਖਿਆ ਵਿਵਸਥਾ, ਪੁਲਿਸ ਤੰਤਰ, ਸਰਕਾਰ ਪ੍ਰਸ਼ਾਸਨ ਸਾਰਿਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੇ ਹਨ। ਦਿੱਲੀ ਵਿੱਚ ਜਿਸ ਜਗ੍ਹਾ ਤਬਲੀਗੀ ਮਰਕਜ਼ ਹੈ, ਉਹ ਕੋਈ ਅਜਿਹਾ ਇਲਾਕਾ ਵੀ ਨਹੀਂ ਜਿਥੇ ਕਿਸੇ ਦੀ ਨਜ਼ਰ ਨਾ ਪੈਂਦੀ ਹੋਵੇ, ਮਹਾਂਨਗਰ ਦੇ ਬਿਲਕੁੱਲ ਅੰਦਰ। ਮਰਕਜ਼ ਨਾਲ ਜੁੜਿਆ ਪੁਲਿਸ ਥਾਣਾ ਹੈ। ਅਜਿਹੇ ਵਿੱਚ ਤਬਲੀਗੀ ਮਰਕਜ਼ ਦੀ ਹਰ ਸਰਗਰਮੀ ਚਲਦੇ ਰਹਿਣ ਦੇ ਲਈ ਸਰਕਾਰ ਅਤੇ ਪੁਲਿਸ ਨੂੰ ਕਿਉਂ ਨਹੀਂ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ? ਸਭ ਤੋਂ ਜ਼ਿਆਦਾ ਹੈਰਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਮਰਕਜ਼ ਦਾ ਮੁਖੀ ਮੌਲਾਨਾ ਸਾਦ ਹਾਲੇ ਤੱਕ ਪੁਲਿਸ ਦੀ ਪਕੜ ਤੋਂ ਬਾਹਰ ਹੈ। ਜਮਾਤ ਦੇ ਆਯੋਜਨ ਦੇ ਕੰਮ ਲਈ 20-25 ਦਿਨ ਤੱਕ ਮੌਲਾਨਾ ਸਾਦ ਜਿਸ ਤਰ੍ਹਾਂ ਨਾਲ ਲੋਕਾਂ ਨੂੰ ਉਥੇ ਜਮ੍ਹਾਂ ਕਰਦਾ ਰਿਹਾ ਅਤੇ ਲੋਕ ਇਸ ਲਾਗ ਤੋਂ ਸ਼ਿਕਾਰ ਹੁੰਦੇ ਰਹੇ, ਉਹ ਕਿਸੇ ਅਪਰਾਧਕ ਕੰਮ ਤੋਂ ਘੱਟ ਨਹੀਂ ਹਨ। ਮਰਕਜ਼ ਵਿੱਚ ਪਿਛਲੇ ਮਹੀਨੇ ਉਨ੍ਹਾਂ ਦੇਸ਼ਾਂ ਤੋਂ ਵੀ ਵੱਡੀ ਗਿਣਤੀ ਵਿੱਚ ਲੋਕ ਆਉਂਦੇ ਜਾਂਦੇ ਰਹੇ ਜਿਥੇ ਕੋਰੋਨਾ ਤੇਜ਼ੀ ਨਾਲ ਫੈਲਿਆ ਜਦਕਿ ਮਾਰਚ ਵਿੱਚ ਹੀ ਸਰਕਾਰ ਨੇ ਕੋਰੋਨਾ ਲਾਗ ਵਾਲੇ ਦੇਸ਼ਾਂ ਤੋਂ ਆਉਣ ਵਾਲਿਆਂ ਉਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਸੀ ਫਿਰ ਵੀ ਤਬਲੀਗੀ ਜਮਾਤ ਵਿੱਚ ਲੋਕ ਆਉਂਦੇ ਰਹੇ ਅਤੇ ਦੇਸ਼ ਦੇ ਅੰਦਰ ਘੁੰਮਦੇ ਰਹੇ। ਇੰਨਾ ਹੀ ਨਹੀਂ, ਪਹਿਲਾਂ ਦੇ ਮੁਕਾਬਲੇ ਇਨ੍ਹਾਂ ਦਿਨੀਂ ਪੂਰੇ ਦੇਸ਼ ਵਿੱਚ ਜਿਸ ਤਰ੍ਹਾਂ ਦੀ ਸਖਤੀ ਅਤੇ ਪੂਰਨ ਬੰਦੀ ਹੈ, ਉਸ ਵਿੱਚ ਵੀ ਬੀਤੇ ਐਤਵਾਰ ਨੂੰ ਤਬਲੀਗੀ ਜਮਾਤ ਵਿੱਚ ਆਏ ਕੁਝ ਮਲੇਸ਼ੀਆਈ ਨਾਗਰਿਕ ਇੰਦਰਾ ਗਾਂਧੀ ਕੌਮਾਂਤਰੀ ਏਅਰ ਪੋਰਟ 'ਤੇ ਨੱਸਦੇ ਹੋਏ ਫੜੇ ਗਏ। ਸਵਾਲ ਇਹ ਹੈ ਕਿ ਇੰਨ੍ਹੇ ਦਿਨਾਂ ਤੱਕ ਇਹ ਬਚੇ ਕਿਵੇਂ ਰਹੇ, ਕਿਥੇ ਲੁਕੇ ਰਹੇ, ਕਿਸੇ ਨੂੰ ਜਾਣਕਾਰੀ ਸੀ ਇਸਦੀ? ਇਹ ਘਟਨਾਵਾਂ ਦੱਸ ਰਹੀਆਂ ਹਨ ਕਿ ਤਬਲੀਗੀ ਮਰਕਜ਼ ਨੇ ਸਾਡੇ ਨਿਗਰਾਨੀ ਤੰਤਰ ਦੀ ਵੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਤਬਲੀਗੀ ਮਰਕਜ਼ ਦੇ ਬਾਰੇ ਵਿੱਚ ਹੁਣ ਹੈਰਾਨ ਕਰਨ ਵਾਲੀ ਜਾਣਕਾਰੀ ਇਹ ਸਾਹਮਣੇ ਆਈ ਹੈ ਕਿ ਮਰਕਜ਼ ਦਾ ਨਿਰਮਾਣ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ। ਹੁਣ ਨਗਰ ਨਿਗਮ ਦੇ ਅਧਿਕਾਰੀਆਂ ਦੀਆਂ ਅੱਖਾਂ ਵੀ ਖੁੱਲ੍ਹ ਗਈਆਂ ਹਨ ਅਤੇ ਗੈਰ-ਕਾਨੂੰਨੀ ਨਿਰਮਾਣ ਨੂੰ ਲੈ ਕੇ ਮਰਕਜ਼ ਦੇ ਖਿਲਾਫ ਐਫ ਆਈ ਆਰ ਦਰਜ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪਰ ਸਵਾਲ ਇਹ ਹੈ ਕਿ ਹੁਣ ਤੱਕ ਨਗਰ ਨਿਗਮ ਕੀ ਕਰਦਾ ਰਿਹਾ? ਇੰਨੀ ਵੱਡੀ ਇਮਾਰਤ ਕੋਈ ਇਕ ਦਿਨ ਵਿੱਚ ਤਾਂ ਖੜ੍ਹੀ ਹੋ ਨਹੀਂ ਸਕੀ। ਜਿਵੇਂ ਕਿ ਦੱਸਿਆ ਜਾ ਰਿਹਾ ਹੈ ਕਿ ਸਿਰਫ ਢਾਈ ਮੰਜ਼ਿਲ ਦਾ ਹੀ ਨਕਸ਼ਾ ਪਾਸ ਹੈ ਤਾਂ ਫਿਰ ਕਿਵੇਂ ਸੱਤਵੀਂ ਮੰਜ਼ਿਲ ਬਣਦੀ ਚਲੀ ਗਈ ਅਤੇ ਨਗਰ ਨਿਗਮ ਕਿਥੇ ਸੌਂਦਾ ਰਿਹਾ? ਗੈਰ-ਕਾਨੂੰਨੀ ਨਿਰਮਾਣ ਨੂੰ ਲੈ ਕੇ ਮਰਕਜ਼ ਦੇ ਖਿਲਾਫ ਤਾਂ ਕਾਰਵਾਈ ਹੋਵੇ ਹੀ, ਨਾਲ ਹੀ ਉਨ੍ਹਾਂ ਲੋਕਾਂ ਖਿਲਾਫ ਵੀ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਜਿਨ੍ਹਾਂ ਦੀ ਮਿਹਰਬਾਨੀ ਨਾਲ ਇਹ ਮਰਕਜ਼ ਇੰਨਾ ਵਧ ਫੁਲ ਗਿਆ ਅਤੇ ਅੱਜ ਵੱਡੀ ਤਬਾਹੀ ਦਾ ਕਾਰਨ ਬਣ ਗਿਆ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
**(A Division of Media Partners Capital , Inc.)**

**Address :**
**P.O Box 7005 Hicksville New York 11801**

**Phone: 917 612 3158 TelFax : 516 342 1076**
**punjabiduniya@gmail.com, thesouthasianinsider@gmail.com**
**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Steps to help prevent the spread of COVID-19 if you are sick

**FOLLOW THE STEPS BELOW:** If you are sick with COVID-19 or think you might have it, follow the steps below to help protect other people in your home and community.

## Stay home except to get medical care



- **Stay home:** People who are mildly ill with COVID-19 are able to recover at home. Do not leave, except to get medical care. Do not visit public areas.
- **Stay in touch with your doctor.** Call before you get medical care. Be sure to get care if you feel worse or you think it is an emergency.
- **Avoid public transportation:** Avoid using public transportation, ride-sharing, or taxis.

## Separate yourself from other people in your home, this is known as home isolation



- **Stay away from others:** As much as possible, you should stay in a specific "sick room" and away from other people in your home. Use a separate bathroom, if available.
- **Limit contact with pets & animals:** You should restrict contact with pets and other animals, just like you would around other people.
  - Although there have not been reports of pets or other animals becoming sick with COVID-19, it is still recommended that people with the virus limit contact with animals until more information is known.
  - When possible, have another member of your household care for your animals while you are sick with COVID-19. If you must care for your pet or be around animals while you are sick, wash your hands before and after you interact with them. See COVID-19 and Animals for more information.

## Call ahead before visiting your doctor



- **Call ahead:** If you have a medical appointment, call your doctor's office or emergency department, and tell them you have or may have COVID-19. This will help the office protect themselves and other patients.

## Wear a facemask if you are sick



- **If you are sick:** You should wear a facemask when you are around other people and before you enter a healthcare provider's office.
- **If you are caring for others:** If the person who is sick is not able to wear a facemask (for example, because it causes trouble breathing), then people who live in the home should stay in a different room. When caregivers enter the room of the sick person, they should wear a facemask. Visitors, other than caregivers, are not recommended.

## Cover your coughs and sneezes



- **Cover:** Cover your mouth and nose with a tissue when you cough or sneeze.
- **Dispose:** Throw used tissues in a lined trash can.
- **Wash hands:** Immediately wash your hands with soap and water for at least 20 seconds. If soap and water are not available, clean your hands with an alcohol-based hand sanitizer that contains at least 60% alcohol.

## Clean your hands often



- **Wash hands:** Wash your hands often with soap and water for at least 20 seconds. This is especially important after blowing your nose, coughing, or sneezing; going to the bathroom; and before eating or preparing food.
- **Hand sanitizer:** If soap and water are not available, use an alcohol-based hand sanitizer with at least 60% alcohol, covering all surfaces of your hands and rubbing them together until they feel dry.
- **Soap and water:** Soap and water are the best option, especially if hands are visibly dirty.
- **Avoid touching:** Avoid touching your eyes, nose, and mouth with unwashed hands.

## Avoid sharing personal household items



- **Do not share:** Do not share dishes, drinking glasses, cups, eating utensils, towels, or bedding with other people in your home.

DEPARTMENT OF HEALTH & HUMAN SERVICES·USA
CDC


**cdc.gov/COVID19**

CS 316120-A 03/20/2020

# ਕੋਰੋਨਾ ਵਾਇਰਸ ਤੋਂ ਠੀਕ ਹੋਣ ਵਾਲਿਆਂ ਦੀਆਂ ਦਰਦਨਾਕ ਕਹਾਣੀਆਂ



ਕੇਰੇਨ ਮੈਨਰਿੰਗ



ਜੈਸੀ



ਸੈਲੀਵਰਟ

ਨਵੀਂ ਦਿੱਲੀ, 8 ਅਪ੍ਰੈਲ (ਚ.ਨ.ਸ.): ਚੀਨ ਦੇ ਵੂਹਾਨ ਸ਼ਹਿਰ ਤੋਂ ਸ਼ੁਰੂ ਹੋਇਆ ਕੋਰੋਨਾਵਾਇਰਸ ਦਾ ਇਨਫੈਕਸ਼ਨ ਕਰੀਬ ਸਾਰੀ ਦੁਨੀਆਂ ਨੂੰ ਆਪਣੇ ਚਪੇਟ ਵਿੱਚ ਲੈ ਚੁੱਕਿਆ ਹੈ। ਰੋਜ਼ਾਨਾ ਹੀ ਮੌਤ ਦੇ ਅੰਕੜੇ ਵਧ ਰਹੇ ਹਨ ਤੇ ਹਜ਼ਾਰਾਂ ਹੀ ਲੋਕ ਲਾਗ ਨਾਲ ਪ੍ਰਭਾਵਿਤ ਹੋ ਰਹੇ ਹਨ। ਪੂਰੀ ਦੁਨੀਆਂ ਵਿੱਚ ਇਸ ਵਾਇਰਸ ਕਾਰਨ ਡਰ ਦਾ ਮਾਹੌਲ ਹੈ ਪਰ ਇਸ ਵਿਚਾਲੇ ਆਸ ਸਿਰਫ਼ ਇੰਨੀ ਕੁ ਹੈ ਕਿ ਬਹੁਤ ਸਾਰੇ ਮਾਮਲਿਆਂ ਵਿੱਚ ਲੋਕ ਠੀਕ ਵੀ ਹੋਏ ਹਨ। ਕੋਰੋਨਾ ਵਾਇਰਸ ਨਾਲ ਇਨਫੈਕਸ਼ਨ ਹਰੇਕ ਸ਼ਖ਼ਸ ਦਾ ਇੱਕ ਵੱਧਰਾ ਤਜਰਬਾ ਹੈ। ਕੁਝ ਲੋਕਾਂ ਵਿੱਚ ਇਸ ਦੇ ਬੇਹੱਦ ਆਮ ਜਾਂ ਫਿਰ ਘੱਟ ਲੱਛਣ ਨਜ਼ਰ ਆਏ ਸਨ ਤਾਂ ਕਈਆਂ ਵਿੱਚ ਕਾਫੀ ਗੰਭੀਰ ਸਨ। ਕੁਝ ਤਾਂ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚ ਲੱਛਣ ਉਹ ਨਹੀਂ ਸਨ ਜਿਨ੍ਹਾਂ ਬਾਰੇ ਸਿਹਤ ਵਿਭਾਗ ਸੁਚੇਤ ਕਰ ਰਿਹਾ ਹੈ। ਪਰ ਇੱਕ ਵਾਰ ਇਹ ਪਤਾ ਲਗ ਜਾਵੇ ਕਿ ਤੁਹਾਨੂੰ ਲਾਗ ਲੱਗੀ ਹੈ ਤਾਂ ਹਸਪਤਾਲ ਜਾਣ ਤੋਂ ਇਲਾਵਾ ਦੂਜਾ ਕੋਈ ਚਾਰਾ ਨਹੀਂ ਬਚਦਾ। ਅਸੀਂ ਤਿੰਨ ਅਜਿਹੇ ਲੋਕਾਂ ਨਾਲ ਗੱਲ ਕੀਤੀ, ਜਿਨ੍ਹਾਂ ਨੂੰ ਪੌਜ਼ੀਟਿਵ ਪਾਇਆ ਗਿਆ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਰਹਿਣਾ ਪਿਆ। ਇਹ ਤਿੰਨ ਮਾਮਲੇ ਇੱਕ-ਦੂਜੇ ਨਾਲ ਬਿਲਕੁਲ ਵੱਖਰੇ ਸਨ ਪਰ ਹਸਪਤਾਲ ਜਾਣ ਦਾ ਇਨ੍ਹਾਂ ਕਾਰਨ ਇੱਕ ਹੀ ਸੀ-ਕੋਵਿਡ-19

'ਮੈਂ ਆਪਣੇ ਅਤੇ ਆਪਣੇ ਬੱਚਿਆਂ ਦੀ ਜ਼ਿੰਦਗੀ ਲਈ ਲੜ ਰਹੀ ਸੀ' ਦੱਖਣੀ-ਪੂਰਬ ਇੰਗਲੈਂਡ ਦੇ ਕੈਂਟ ਕਸਬੇ ਦੇ ਹੋਰਨ ਬੇ ਇਲਾਕੇ ਵਿੱਚ ਰਹਿਣ ਵਾਲੀ ਕੈਰੇਨ ਮੈਨਰਿੰਗ 6 ਮਹੀਨੇ ਦੀ ਗਰਭਵਤੀ ਹਨ। ਹੋਣ ਵਾਲਾ ਇਹ ਬੱਚਾ ਉਨ੍ਹਾਂ ਦੀ ਚੌਥੀ ਸੰਤਾਨ ਹੈ। ਕੈਰੇਨ ਨੂੰ ਖਾਂਸੀ ਦੀ ਸ਼ਿਕਾਇਤ ਹੋਈ। ਇਹ ਮਾਰਚ ਦਾ ਹਫ਼ਤਾ ਸੀ। ਖਾਂਸੀ ਦੇ ਨਾਲ ਉਨ੍ਹਾਂ ਨੂੰ ਤੇਜ਼ ਬੁਖ਼ਾਰ ਵੀ ਆ ਰਿਹਾ ਸੀ ਅਤੇ ਇੱਕ ਦਿਨ ਸਭ ਕੁਝ ਬਦਲ ਗਿਆ। ਕੈਰੇਨ ਦੱਸਦੀ ਹੈ, ਮੈਂ ਹੈਲਪਲਾਈਨ 'ਤੇ ਫੋਨ ਕੀਤਾ। ਮੇਰਾ ਸਾਹ ਉਖੜ ਰਿਹਾ ਸੀ। ਕੁਝ ਹੀ ਮਿੰਟਾਂ ਵਿੱਚ ਇੱਕ ਐਂਬੂਲੈਂਸ ਮੇਰੇ ਘਰ ਦੇ ਦਰਵਾਜ਼ੇ 'ਖੜ੍ਹੀ ਸੀ। ਮੈਨੂੰ ਸੱਚਮੁੱਚ ਸਾਹ ਨਹੀਂ ਆ ਰਿਹਾ ਸੀ ਇਸ ਲਈ ਉਨ੍ਹਾਂ ਨੇ ਮੈਨੂੰ ਸਿੱਧਾ ਆਕਸੀਜਨ ਦੇਣਾ ਸ਼ੁਰੂ ਕਰ ਦਿੱਤਾ। ਜਦੋਂ ਉਹ ਹਸਪਤਾਲ ਪਹੁੰਚੀ ਤਾਂ ਉਨ੍ਹਾਂ ਨੂੰ ਕੋਰੋਨਾਵਾਇਰਸ ਇਨਫੈਕਸ਼ਨ ਨਿਕਲਿਆ। ਉਨ੍ਹਾਂ ਨੂੰ ਨਮੂਨੀਏ ਦੀ ਵੀ ਸ਼ਿਕਾਇਤ ਸੀ ਅਤੇ ਉਸ ਤੋਂ ਬਾਅਦ ਉਨ੍ਹਾਂ ਹਸਪਤਾਲ ਦੇ ਇੱਕ ਕਮਰੇ ਵਿੱਚ ਹਫ਼ਤਿਆਂ ਲਈ ਵੱਖ-ਵੱਖ ਰੱਖ ਦਿੱਤਾ ਗਿਆ। ਉਹ ਦੱਸਦੇ ਹਨ, ਕਿਸੇ ਨੂੰ ਵੀ ਮੇਰੇ ਕਮਰੇ ਵਿੱਚ ਆਉਣ ਦੀ ਇਜਾਜ਼ਤ ਨਹੀਂ ਸੀ। ਮੈਨੂੰ ਬਹੁਤ ਇਕੱਲਾ ਮਹਿਸੂਸ ਹੁੰਦਾ ਸੀ। ਦੋ-ਤਿੰਨ ਦਿਨ ਤੱਕ ਤਾਂ ਮੈਂ ਬਿਸਤਰੇ 'ਚੋਂ ਉਠੀ ਹੀ ਨਹੀਂ, ਇਥੋਂ ਤੱਕ ਬਾਥਰੂਮ ਵੀ ਨਹੀਂ ਗਈ। ਉਹ ਦੱਸਦੀ ਹੈ, ਮੈਨੂੰ ਸਾਹ ਲੈਣ ਵਿੱਚ ਕਈ ਵਾਰ ਦਿੱਕਤ ਹੁੰਦੀ ਸੀ ਤਾਂ ਵੀ ਮੈਨੂੰ ਅਟੈਂਡੇਂਟ ਦੇ ਪੂਰੀ ਤਿਆਰ ਹੋਣ ਦਾ ਇੰਤਜ਼ਾਰ ਕਰਨਾ ਪੈਂਦਾ ਸੀ। ਮੇਰੇ ਪਰਿਵਾਰ ਵਾਲੇ ਮੇਰੇ ਨਾਲ ਲਗਾਤਾਰ ਫੋਨ 'ਤੇ ਗੱਲ ਕਰਦੇ ਰਹਿੰਦੇ ਤਾਂ ਜੋ ਮੈਂ ਸ਼ਾਂਤ ਰਹਾਂ। ਮੈਂ ਬਹੁਤ ਡਰੀ ਹੋਈ ਸੀ। ਮੈਂ ਮਰਨ ਵਾਲੀ ਸੀ ਤੇ ਮੇਰਾ ਪਰਿਵਾਰ ਕਹਿੰਦਾ ਸੀ ਉਹ ਹਰ ਚੀਜ਼ ਲਈ ਤਿਆਰ ਹਨ। ਕੈਰੇਨ ਮੁਤਾਬਕ, ਮੈਂ ਸਾਹ ਲਈ ਜੂਝ ਰਹੀ ਸੀ, ਇਹ ਲੜਾਈ ਮੇਰੇ ਤੇ ਮੇਰੇ ਹੋਣ ਵਾਲੇ ਬੱਚੇ ਲਈ ਸੀ। ਕੈਰੇਨ ਦੱਸਦੀ ਹੈ ਕਿ ਉਹ ਦਿਨ ਕਦੇ ਨਹੀਂ ਭੁੱਲ ਨਹੀਂ ਸਕਦੀ ਜਦੋਂ ਹਸਪਤਾਲ ਤੋਂ ਬਾਹਰ ਨਿਕਲੀ ਉਹ ਆਪਣੇ ਚਿਹਰੇ 'ਤੇ ਤਾਜ਼ੀ ਤੇ ਠੰਢੀ ਹਵਾ ਨੂੰ ਮਹਿਸੂਸ ਕਰ ਸਕਦੀ ਸੀ। ਕੈਰੇਨ ਦਾ ਕਹਿਣਾ ਹੈ ਹਸਪਤਾਲ ਵਿੱਚ ਇਕੱਲੇ ਬਿਤਾਏ ਕੁਝ ਹਫ਼ਤਿਆਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਹਮੇਸ਼ਾ ਲਈ ਬਦਲ ਕੇ ਰੱਖ ਦਿੱਤਾ। ਉਨ੍ਹਾਂ ਨੂੰ ਇਹ ਸਮਝ ਆਇਆ ਕਿ ਹਰੇਕ ਛੋਟੀ ਤੋਂ ਛੋਟੀ ਸ਼ੈਅ ਦਾ ਆਪਣਾ ਮਹੱਤਵ ਹੈ, ਜਿਵੇਂ ਹਫ਼ਤਿਆਂ ਬਾਅਦ ਚਿਹਰੇ ਨੂੰ ਛੂਹਣ ਵਾਲੀ ਤਾਜ਼ੀ-ਠੰਢੀ ਹਵਾ ਦਾ। ਹੁਣ ਕੈਰੇਨ ਘਰ ਆ ਗਈ ਹੈ ਪਰ ਸੈਲਫ਼-ਆਈਸੋਲੇਸ਼ਨ ਵਿੱਚ ਹਨ। ਉਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਦੀ ਆਵਾਜ਼ ਆਉਂਦੀ ਹੈ, ਉਹ ਕਮਰੇ ਵਿੱਚ ਨਹੀਂ ਆਉਂਦੇ ਪਰ ਬਾਹਰੋਂ ਉਨ੍ਹਾਂ ਦਾ ਹੌਸਲਾ ਵਧਾਉਂਦੇ ਹਨ। ਉਹ ਮੰਨਦੀ ਹੈ ਕਿ ਇਸ ਲਾਗ ਨੇ ਉਨ੍ਹਾਂ ਨੂੰ ਮਜ਼ਬੂਤ ਕੀਤਾ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਕੋਰੋਨਾ ਦਾ ਇਨਫੈਕਸ਼ਨ ਉਨ੍ਹਾਂ ਨੂੰ ਉਸ ਸੈਲੂਨ ਵਿਚੋਂ ਹੋਇਆ ਜਿੱਥੇ ਉਹ ਕੰਮ ਕਰਦੀ ਹੈ ਪਰ ਉਨ੍ਹਾਂ ਨੂੰ ਯਕੀਨ ਨਹੀਂ ਹੈ।

ਮੈਂ ਸਿਰਫ਼ ਇੰਨਾ ਚਾਹੁੰਦੀ ਸੀ ਕਿ ਕੋਈ ਮੇਰੀ ਮਦਦ ਕਰ ਦੇਵੇ ਇਹ ਜੇਸੀ ਕਲਾਰਕ ਦੀ ਕਹਾਣੀ ਹੈ। ਜੇਸੀ ਨੂੰ ਪਹਿਲੇ ਦਿਨ ਤੋਂ ਹੀ ਪਤਾ ਸੀ ਕਿ ਜੇਕਰ ਉਨ੍ਹਾਂ ਨੂੰ ਕੋਰੋਨਾਵਾਇਰਸ ਹੋਇਆ ਤਾਂ ਉਨ੍ਹਾਂ ਲਈ ਖ਼ਤਰਾ ਕਿਸੇ ਵੀ ਦੂਜੇ ਪ੍ਰਭਾਵਿਤ ਵਿਅਕਤੀ ਤੋਂ ਕਿਤੇ ਵੱਧ ਹੋਵੇਗਾ। ਉਨ੍ਹਾਂ ਨੂੰ ਕਿਡਨੀ ਦੀ ਖ਼ਤਰਨਾਕ ਬਿਮਾਰੀ ਹੈ ਅਤੇ 5 ਸਾਲ ਪਹਿਲਾਂ ਉਨ੍ਹਾਂ ਦੀ ਇੱਕ ਕਿਡਨੀ ਕੱਢੀ ਜਾ ਚੁੱਕੀ ਹੈ।

26 ਸਾਲ ਦੀ ਜੇਸੀ ਨੂੰ ਪਹਿਲਾਂ ਖਾਂਸੀ ਆਉਣੀ ਸ਼ੁਰੂ ਹੋਈ ਅਤੇ ਉਸ ਤੋਂ ਬਾਅਦ ਉਨ੍ਹਾਂ ਸਾਹ ਲੈਣ ਵਿੱਚ ਦਿੱਕਤ ਹੋਣ ਲੱਗੀ।

ਇਹ ਦੋਵੇਂ ਲੱਛਣ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਦੀ ਚਿੰਤਾ ਵੱਧ ਗਈ।

ਕੁਝ ਦਿਨ ਬਾਅਦ ਤਾਂ ਉਨ੍ਹਾਂ ਦਾ ਤੁਰਨਾ-ਫਿਰਨਾ ਵੀ ਬੰਦ ਹੋ ਗਿਆ। ਉਨ੍ਹਾਂ ਤੁਰਨ ਵਿੱਚ ਦਿੱਕਤ ਹੋਣ ਲੱਗੀ ਸੀ।

ਉਹ ਦੱਸਦੀ ਹੈ, ਮੇਰੀਆਂ ਪਸਲੀਆਂ, ਪਿੱਠ ਅਤੇ ਪੇਟ ਕੋਲ ਬਹੁਤ ਦਰਦ ਸੀ ਮੈਨੂੰ ਇੰਝ ਲਗਦਾ ਸੀ ਕਿ ਕਿਸੇ ਨੇ ਮੈਨੂੰ ਮਾਰਿਆ ਹੈ। ਬਰਤਾਨੀਆਂ ਵਿੱਚ ਲੌਕਡਾਊਨ ਦਾ ਐਲਾਨ ਹੋ ਚੁੱਕਿਆ ਸੀ। ਪਰ ਜੇਸੀ ਦੀ ਤਕਲੀਫ਼ ਵਧਦੀ ਜਾ ਰਹੀ ਸੀ। ਉਨ੍ਹਾਂ ਦਾ ਮੰਗੇਤਰ ਉਨ੍ਹਾਂ ਨੂੰ ਹਸਪਤਾਲ ਲੈ ਕੇ ਗਿਆ। ਜਿੱਥੇ ਉਨ੍ਹਾਂ ਦੇ ਪਹੁੰਚਦਿਆਂ ਹੀ ਵੱਖ ਕਰ ਦਿੱਤਾ ਗਿਆ। ਅਜਿਹਾ ਸੁੱਰਖਿਆ ਕਾਰਨਾਂ ਤੇ ਸਾਵਧਾਨੀ ਵਜੋਂ ਕੀਤਾ। ਜੇਸੀ ਦੱਸਦੀ ਹੈ, ਮੈਨੂੰ ਇਕੱਲਿਆਂ ਬਹੁਤ ਡਰ ਲੱਗ ਰਿਹਾ ਸੀ ਪਰ ਮੈਂ ਇੱਕ ਅਜਿਹੀ ਹਾਲਤ ਵਿਚ ਸੀ ਕਿ ਜਿੱਥੇ ਮੈਂ ਸਿਰਫ਼ ਇੰਨਾ ਚਾਹੁੰਦੀ ਸੀ ਕਿ ਕੋਈ ਮੇਰੀ ਮਦਦ ਕਰ ਦੇਵੇ। ਮੈਨੂੰ ਹਰੇ ਰੰਗ ਦਾ ਇੱਕ ਮਾਸਕ ਦਿੱਤਾ ਗਿਆ ਤੇ ਫਿਰ ਕੋਵਿਡ-19 ਵਾਲੇ ਹੋਰਨਾਂ ਮਰੀਜ਼ਾਂ ਵਾਲੇ ਸੈਕਸ਼ਨ ਵਿੱਚ ਲਿਜਾਇਆ ਗਿਆ। ਪਰ ਉੱਥੇ ਹਰੇਕ ਬੈੱਡ ਵਿਚਾਲੇ ਇੱਕ ਦਿਵਾਰ ਸੀ। ਉਹ ਦੱਸਦੀ ਹੈ, ਮੇਰਾ ਕੋਵਿਡ-19 ਦਾ ਟੈਸਟ ਨਹੀਂ ਕੀਤਾ ਗਿਆ। ਮੇਰੇ ਡਾਕਟਰ ਨੇ ਮੈਨੂੰ ਦੱਸਿਆ ਕਿ ਉਹ ਹਰ ਕਿਸੇ ਦਾ ਸਵੈਬ ਟੈਸਟ ਨਹੀਂ ਕਰ ਸਕਦੇ ਪਰ ਇਹ ਮੰਨਣਾ ਸੁਰੱਖਿਅਤ ਰਹੇਗਾ ਕਿ ਮੈਨੂੰ ਕੋਵਿਡ-19 ਹੈ। ਮੇਰੀ ਛਾਤੀ ਵਿੱਚ ਤੇਜ਼ ਜਲਨ ਹੋ ਰਹੀ ਸੀ। ਜੇਸੀ ਨੂੰ ਇਸ ਤੋਂ ਪਹਿਲਾਂ ਕਦੇ ਵੀ ਸਾਹ ਲੈਣ ਵਿੱਚ ਪਰੇਸ਼ਾਨੀ ਨਹੀਂ ਹੋਈ। ਉਨ੍ਹਾਂ ਦਾ ਕਹਿਣਾ ਹੈ, ਜੇਕਰ ਤੁਹਾਨੂੰ ਸੱਚਮੁੱਚ ਸਾਹ ਨਹੀਂ ਆ ਰਿਹਾ ਤਾਂ ਤੁਸੀਂ ਅੰਦਰੋਂ ਡਰ ਜਾਂਦੇ ਹੋ। ਜੇਸੀ ਨੂੰ ਹਸਪਤਾਲ ਗਏ 6 ਘੰਟੇ ਹੋ ਗਏ ਸਨ। ਉਨ੍ਹਾਂ ਦਾ ਮੰਗੇਤਰ ਕਾਰ ਵਿੱਚ ਹੀ ਬੈਠ ਕੇ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ ਪਰ ਅੰਦਰ ਕੀ ਚੱਲ ਰਿਹਾ ਹੈ ਇਸ ਬਾਰੇ ਕੁਝ ਪਤਾ ਨਹੀਂ ਸੀ। ਬਹੁਤ ਸਾਰੇ ਲੋਕਾਂ ਨੂੰ ਲਗ ਰਿਹਾ ਸੀ ਕਿ ਜੇਸੀ ਨੂੰ ਇਹ ਵਾਇਰਸ ਉਨ੍ਹਾਂ ਕੋਲੋਂ ਹੀ ਮਿਲਿਆ ਹੈ ਕਿਉਂਕਿ ਉਹ ਇੱਕ ਕਾਰੀਗਰ ਹਨ। 5 ਦਿਨ ਬਾਅਦ ਜੇਸੀ ਨੂੰ ਹਸਪਤਾਲ ਤੋਂ ਛੁੱਟੀ ਮਿਲੀ ਪਰ ਚੱਲਣ ਵਿੱਚ ਉਨ੍ਹਾਂ ਨੂੰ ਅਜੇ ਵੀ ਪਰੇਸ਼ਾਨੀ ਹੋ ਰਹੀ ਸੀ। ਵਾਪਸ ਆਉਣ ਤੋਂ ਬਾਅਦ 18-18 ਘੰਟੇ ਸੁੱਤੀ ਰਹਿੰਦੀ। ਕਈ ਵਾਰ ਉਨ੍ਹਾਂ ਨੂੰ ਖੰਘ ਵੀ ਆਈ ਪਰ ਹੁਣ ਸਾਹ ਚੰਗੀ ਤਰ੍ਹਾਂ ਆ ਰਿਹਾ ਹੈ। ਉਹ ਕਹਿੰਦੀ ਹੈ ਕਿ ਕੁਝ ਨੌਜਵਾਨਾਂ ਨੂੰ ਲਗਦਾ ਸੀ ਕਿ ਉਨ੍ਹਾਂ ਨੂੰ ਇਸ ਵਾਇਰਸ ਦਾ ਕੋਈ ਅਸਰ ਨਹੀਂ ਹੋਵੇਗਾ ਪਰ ਹੁਣ ਉਹ ਇਸ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਸਾਨੂੰ ਇਸ ਬਾਰੇ ਬਹੁਤ ਕੁਝ ਦੱਸਿਆ ਗਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਇਸ ਨਾਲ ਨੌਜਵਾਨਾਂ ਨੂੰ ਜ਼ਿਆਦਾ ਡਰਨ ਦੀ ਲੋੜ ਨਹੀਂ ਪਰ ਡਰਨ ਦੀ ਲੋੜ ਹੈ। ਮੈਂ ਇੱਕ ਅਜਿਹੇ ਬੰਦ ਕਮਰੇ ਵਿੱਚ ਸੀ ਜਿੱਥੇ ਸਿਰਫ਼ ਕਾਲਾ-ਘੁੱਪ ਹਨੇਰਾ ਸੀ

**ਸਟੀਵਰਟ 64 ਸਾਲ ਦੇ ਹਨ।**

ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਉਨ੍ਹਾਂ ਨੂੰ ਇਨਫੈਕਸ਼ਨ ਇੱਕ ਮੀਟਿੰਗ ਦੌਰਾਨ ਹੀ ਹੋਇਆ ਹੋਵੇਗਾ। ਉਹ ਕਹਿੰਦੇ ਹਨ, ਅਸੀਂ ਸੋਸ਼ਲ ਡਿਸਟੈਂਸਿੰਗ ਦਾ ਪੂਰਾ ਪਾਲਣ ਕਰ ਰਹੇ ਸੀ ਪਰ ਉਸ ਦਿਨ ਵੀਰਵਾਰ ਨੂੰ ਜਦੋਂ ਮੀਟਿੰਗ ਹੋਈ ਤਾਂ ਭੀੜ ਕੁਝ ਜ਼ਿਆਦਾ ਸੀ। ਕੁਝ ਅਜਿਹੇ ਲੋਕ ਵੀ ਆਏ ਸਨ ਜਿਨ੍ਹਾਂ ਨੂੰ ਫਲੂ ਦੇ ਲੱਛਣ ਸਨ। ਕੁਝ ਹਫ਼ਤੇ ਪਹਿਲਾਂ ਹੋਈ ਇਸ ਮੀਟਿੰਗ ਦੇ 10 ਦਿਨਾਂ ਬਾਅਦ ਸਟੀਵਰਟ ਦੀ ਹਾਲਤ ਖ਼ਰਾਬ ਹੋਣ ਲੱਗੀ। ਪਹਿਲਾਂ ਇਸ ਦਾ ਅਸਰ ਬਹੁਤ ਘੱਟ ਮਹਿਸੂਸ ਹੋ ਰਿਹਾ ਸੀ ਪਰ ਬਾਅਦ ਵਿੱਚ ਪੌੜੀਆਂ ਚੜ੍ਹਨ ਵਿੱਚ ਅਸਮਰਥ ਮਹਿਸੂਸ ਕਰਨ ਲੱਗਾ। ਇੰਝ ਸਾਹ ਆ ਰਹੇ ਸਨ ਜਿਵੇਂ ਕੋਈ ਬਹੁਤ ਬੁੱਢਾ ਆਦਮੀ ਲੈਂਦਾ ਹੈ। ਕੁਝ ਦਿਨਾਂ ਬਾਅਦ ਹਿੱਲਣ-ਜੁੱਲਣ 'ਚ ਵੀ ਤਕਲੀਫ਼ ਹੋਣ ਲੱਗੀ। ਵਾਇਰਸ ਨੇ ਮੇਰੇ ਫੇਫੜਿਆਂ 'ਤੇ ਹਮਲਾ ਕੀਤਾ ਸੀ। ਉਨ੍ਹਾਂ ਪਰਿਵਾਰ ਨੇ ਫੋਨ ਕਰਕੇ ਮਦਦ ਮੰਗੀ ਜਿਸ ਤੋਂ ਬਾਅਦ ਸਟੀਵਰਟ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ। ਉਹ ਦੱਸਦੇ ਹਨ ਕਿ ਹਸਪਤਾਲ ਪਹੁੰਚਣ ਤੋਂ ਉਨ੍ਹਾਂ ਦੇ ਕਈ ਟੈਸਟ ਕੀਤੇ ਗਏ ਤੇ ਸਵੈਬ ਟੈਸਟ ਵੀ ਕੀਤਾ ਗਿਆ। ਡਾਕਟਰਾਂ ਨੂੰ ਲੱਗਾ ਕਿ ਉਨ੍ਹਾਂ ਨੂੰ ਕੋਰੋਨਾਵਾਇਰਸ ਇਨਫੈਕਸ਼ਨ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਕਸੀਜਨ 'ਤੇ ਰੱਖਿਆ ਗਿਆ। ਸਟੀਵਰਟ ਦੱਸਦੇ ਹਨ ਉਨ੍ਹਾਂ ਨੂੰ ਇੱਕ ਹਨੇਰੇ ਕਮਰੇ ਵਿੱਚ ਰੱਖਿਆ ਸੀ। ਉਹ ਕਹਿੰਦੇ ਹਨ, ਮੈਨੂੰ ਲੱਗਾ ਮੇਰਾ ਜੀਵਨ ਖ਼ਤਮ ਹੋਣ ਵਾਲਾ ਹੈ ਪਰ ਮੈਂ ਜੀਣਾ ਚਾਹੁੰਦਾ ਸੀ। ਮੈਂ ਆਪਣੇ ਅੰਦਰ ਚੱਲ ਰਹੀ ਲੜਾਈ ਨੂੰ ਮਹਿਸੂਸ ਕਰ ਸਕਦਾ ਸੀ। ਕੁਝ ਦਿਨ ਬਾਅਦ ਸਟੀਵਰਟ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਪਰ ਘਰ ਪਹੁੰਚ ਕੇ ਵੀ ਉਹ ਸੈਲਫ ਆਈਸੋਲੇਸ਼ਨ ਵਿੱਚ ਰਹਿ ਰਹੇ ਹਨ। ਹਸਪਤਾਲ ਤੋਂ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਦੀ ਇੱਕ ਆਦਤ ਬਦਲ ਗਈ ਹੈ। ਹੁਣ ਉਹ ਪਹਿਲਾਂ ਨਾਲੋਂ ਵਧੇਰੇ ਪਾਣੀ ਪੀਣ ਲੱਗੇ ਹਨ ਤਾਂ ਜੋ ਉਨ੍ਹਾਂ ਦੇ ਫੇਫੜੇ ਅਤੇ ਗਲਾ ਪਹਿਲਾਂ ਵਾਂਗ ਹੋ ਸਕੇ।

# ਕੋਰੋਨਾਵਾਇਰਸ: ਕੀ ਚੀਨ ਦੇ ਦਾਅਵਿਆਂ 'ਤੇ ਯਕੀਨ ਕੀਤਾ ਜਾ ਸਕਦਾ ਹੈ ?




ਕੋਰੋਨਾਵਾਇਰਸ ਦੇ ਫੈਲਣ ਮਗਰੋਂ ਪਹਿਲੀ ਵਾਰ, ਚੀਨ ਨੇ ਦੇਸ ਭਰ ਵਿੱਚ ਬਿਮਾਰੀ ਕਰਕੇ ਕੋਈ ਵੀ ਮੌਤ ਨਾ ਹੋਣ ਬਾਰੇ ਦੱਸਿਆ ਹੈ। ਪਰ ਬੀਬੀਸੀ ਦੇ ਰੋਬਿਨ ਬਰਾਂਟ ਅਨੁਸਾਰ ਚੀਨ ਦੇ ਇਨਾਂ ਦਾਅਵਿਆਂ ਅਤੇ ਅੰਕੜਿਆਂ 'ਤੇ ਅਜਿਹੇ ਕਈ ਸਵਾਲ ਉੱਠਦੇ ਹੁੰਦੇ ਹਨ, ਜਿਨ੍ਹਾਂ ਦੇ ਚੱਲਦਿਆਂ ਲਾਗ ਨਾਲ ਜੁੜੇ ਬਿਆਨ ਵੀ ਸ਼ੱਕ ਦੇ ਘੇਰੇ ਵਿੱਚ ਆਉਂਦੇ ਹਨ। ਕਈ ਮਹੀਨਿਆਂ ਤੋਂ, ਹਰ ਰੋਜ਼ ਸਵੇਰ 3 ਵਜੇ, ਚੀਨ ਦੇ ਅਧਿਕਾਰੀ ਕੋਰੋਨਾਵਾਇਰਸ ਨਾਲ ਜੁੜੇ ਨਵੇਂ ਅੰਕੜੇ ਦੁਨੀਆਂ ਦੇ ਸਾਹਮਣੇ ਰੱਖਦੇ ਹਨ। 7 ਅਪ੍ਰੈਲ ਤੱਕ, ਚੀਨ ਵਿੱਚ ਕੋਰੋਨਾ ਵਾਇਰਸ ਦੇ 81,740 ਮਾਮਲੇ ਸਾਹਮਣੇ ਆਏ ਤੇ 3,331 ਲੋਕਾਂ ਨੇ ਲਾਗ ਕਰਕੇ ਆਪਣੀ ਜਾਨ ਗਵਾਈ। ਦੇਸ ਵਿੱਚ ਵਾਇਰਸ ਦੇ ਮਾਮਲਿਆਂ ਦੀ ਸ਼ੁਰੂਆਤ ਹੋਣ ਮਗਰੋਂ, ਚੀਨ ਦੀ ਮਹਾਂਮਾਰੀ ਨਾਲ ਜੂਝਣ ਦੇ ਤਰੀਕਿਆਂ ਨੂੰ ਲੈ ਕੇ ਪ੍ਰਸ਼ੰਸ਼ਾ ਕੀਤੀ ਜਾ ਰਹੀ ਹੈ। ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਜਨਰਲ ਡਾ. ਟੇਡਰੋਸ ਅਧਾਨੋਮ ਘੇਬਰੇਇਸੁਸ ਨੇ ਚੀਨ ਦੀ 'ਤੇਜ਼ੀ ਨਾਲ ਮਹਾਂਮਾਰੀ ਬਾਰੇ ਪਤਾ ਲਾਉਣ' ਤੇ 'ਬਿਮਾਰੀ ਨਾਲ ਜੁੜੇ ਤੱਥ ਸਾਹਮਣੇ' ਰੱਖਣ ਨੂੰ ਲੈ ਕੇ ਵਡਿਆਈ ਕੀਤੀ। ਪਰ ਵਿਸ਼ਵ ਸਿਹਤ ਸੰਗਠਨ ਤੋਂ ਪ੍ਰਸ਼ੰਸ਼ਾ ਮਗਰੋਂ ਵੀ, ਸਰਕਾਰੀ ਅੰਕੜਿਆਂ ਤੇ ਬਿਮਾਰੀ ਨਾਲ ਜੁੜੀ ਕਾਮਯਾਬੀ ਦੇ ਦਾਅਵਿਆਂ 'ਤੇ ਸ਼ੱਕ ਪੈਦਾ ਹੋ ਰਿਹਾ ਹੈ।

ਪਿਛਲੇ ਹਫ਼ਤੇ, ਬ੍ਰਿਟਿਸ਼ ਸਰਕਾਰ ਦੇ ਮਾਇਕਲ ਗੋਵ ਨੇ ਬੀਬੀਸੀ ਨਾਲ ਗੱਲ ਕਰਦਿਆਂ ਦੱਸਿਆ, "ਚੀਨ ਤੋਂ ਆਉਂਦੀਆਂ ਰਿਪੋਰਟਾਂ ਵਿੱਚ ਵਾਇਰਸ ਦੇ ਪਰਮਾਣ, ਮਿਜਾਜ਼ ਅਤੇ ਇਨਫੈਕਸ਼ਨ ਬਾਰੇ ਕੁਝ ਚੀਜ਼ਾਂ ਸਾਫ਼ ਨਹੀਂ ਸਨ।

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਿਛਲੇ ਹਫ਼ਤੇ ਕਿਹਾ ਕਿ ਦੱਸੀਆਂ ਗਈਆਂ ਮੌਤਾਂ ਤੇ ਇਨਫੈਕਸ਼ਨ ਦੇ ਮਾਮਲੇ 'ਥੋੜ੍ਹੇ ਘੱਟ' ਲੱਗ ਰਹੇ ਹਨ। ਇਸ ਦੇ ਨਾਲ ਹੀ ਅਮਰੀਕਾ ਦੇ ਮੰਤਰੀਆਂ ਨੇ ਚੀਨ ਉੱਤੇ ਬਿਮਾਰੀ ਦੇ ਮਾਮਲਿਆਂ ਬਾਰੇ ਘੱਟ ਰਿਪੋਰਟ ਕਰਨ ਦਾ ਇਲਜ਼ਾਮ ਵੀ ਲਗਾਇਆ। ਦੁਨੀਆਂ ਵਿੱਚ ਵਧਦੇ ਮਾਮਲਿਆਂ ਦੀ ਗੱਲ ਕਰੀਏ ਤਾਂ, ਅਮਰੀਕਾ ਨੇ ਚੀਨ ਨੂੰ ਕੋਰੋਨਾਵਾਇਰਸ ਦੇ ਮਾਮਲਿਆਂ ਵਿੱਚ ਪਿੱਛੇ ਛੱਡ ਦਿੱਤਾ ਹੈ। ਇਸ ਵੇਲੇ ਦੁਨੀਆਂ ਦੇ ਕਈ ਦੇਸ ਇਸ ਬਿਮਾਰੀ ਨੂੰ ਘਟਾਉਣ ਦੇ ਹੱਲ ਲਈ ਚੀਨ ਵੱਲ ਵੇਖ ਰਹੇ ਹਨ। ਪਰ ਚੀਨ ਦੀ ਬਿਮਾਰੀ ਨਾਲ ਜੁੜੇ ਇਨਫੈਕਸ਼ਨ ਅਤੇ ਮੌਤਾਂ ਦੇ ਮਾਮਲਿਆਂ ਬਾਰੇ ਦਿੱਤੀ ਜਾਣਕਾਰੀ ਬਾਰੇ ਸ਼ੱਕ ਪੈਦਾ ਹੋ ਰਹੇ ਹਨ। ਇਹ ਸ਼ੱਕ ਦੇ ਦੋ ਕਾਰਨ ਹਨ- ਇੱਕ ਇਤਿਹਾਸ ਤੇ ਦੂਜਾ ਬਿਮਾਰੀ ਨਾਲ ਜੁੜੀ ਬਹੁਤੀ ਸਪਸ਼ਟਤਾ ਨਾ ਹੋਣਾ।

**ਜਾਣਕਾਰੀ ਗੁਪਤ ਰੱਖਣ ਦਾ ਇਤਿਹਾਸ**

ਸਰਕਾਰੀ ਅੰਕੜਿਆਂ ਦੀ ਗੱਲ ਕਰੀਏ ਤਾਂ ਦੁਨੀਆਂ ਵਿੱਚ ਚੀਨ ਦਾ ਬਹੁਤਾ ਚੰਗਾ ਪਿਛੋਕੜ ਨਹੀਂ ਹੈ। ਇਹ ਗੱਲ ਖਾਸਕਰ ਅਰਥਵਿਵਸਥਾ ਦੇ ਅੰਕੜਿਆਂ ਦੇ ਮਾਮਲੇ ਵਿੱਚ ਸੱਚ ਹੈ। ਇਨ੍ਹਾਂ ਅੰਕੜਿਆਂ ਦੇ ਸਿਰ 'ਤੇ ਹੀ ਦੇਸ ਤੇ ਸਿਆਸਤ ਵਿੱਚ ਮੌਜੂਦ ਕਮਿਊਨਿਸਟ ਪਾਰਟੀ ਦੁਆਰਾ ਕੀਤੇ ਵਿਕਾਸ ਨੂੰ ਮਾਪਿਆ ਜਾਂਦਾ ਹੈ। ਬਹੁਤੇ ਦੇਸਾਂ ਦੇ ਉਲਟ, ਚੀਨ ਦੇ ਤਿਮਾਹੀ ਜੀਡੀਪੀ ਅੰਕੜਿਆਂ ਨੂੰ ਅਸਲ ਅਰਥਚਾਰੇ ਦੀ ਤਸਵੀਰ ਨਾਲੋਂ ਵੱਧ ਇੱਕ ਰੁਝਾਨ ਵਾਂਗ ਪੇਸ਼ ਕੀਤਾ ਗਿਆ। ਇਸ ਮਹਾਂਮਾਰੀ ਤੋਂ ਪਹਿਲਾਂ, ਸਰਕਾਰ 2020 ਵਿੱਚ 6% ਵਿਕਾਸ ਦਰ ਦੀ ਉਮੀਦ ਲਗਾ ਰਹੀ ਸੀ। ਕਈ ਸਾਲਾਂ ਤੋਂ ਤਾਂ ਇਹ ਅੰਕੜੇ ਬਿਨਾਂ ਕਿਸੇ ਗ਼ਲਤੀ ਦੇ ਪੂਰੇ ਵੀ ਕੀਤੇ ਜਾ ਰਹੇ ਹਨ।

ਚੀਨ ਤੋਂ ਬਾਹਰ ਬੈਠੇ ਕਈ ਅਰਥਸ਼ਾਸਤਰੀ ਇਨ੍ਹਾਂ ਅੰਕੜਿਆਂ 'ਤੇ ਯਕੀਨ ਕਰ ਰਹੇ ਹਨ। ਹੋਰ ਕਿਸੇ ਵੀ ਦੇਸ ਦੇ ਅਰਥਚਾਰੇ ਦੇ ਲਗਾਤਾਰ ਇਹੋ ਜਿਹੇ ਅੰਕੜੇ ਸਾਹਮਣੇ ਨਹੀਂ ਆਏ। ਕਮਿਊਨਿਸਟ ਪਾਰਟੀ ਅਕਸਰ ਆਪਣੇ ਅਨੁਮਾਨਾਂ ਅਤੇ ਟੀਚਿਆਂ 'ਤੇ ਨਿਰਭਰ ਕਰਦੀ ਹੈ, ਚਾਹੇ ਉਹ ਪੂਰੇ ਹੋਣ ਜਾਂ ਨਹੀਂ। ਇਸ ਕਰਕੇ ਹੀ, ਜਦੋਂ ਕਦੇ ਪਾਰਟੀ ਦੇ ਮਿੱਥੇ ਟੀਚੇ ਪੂਰੇ ਨਾ ਹੋਣ ਤਾਂ ਸੱਚਾਈ ਲੁਕਾਈ ਵੀ ਜਾਂਦੀ ਹੈ। ਕਈ ਸੂਬਿਆਂ ਦੇ ਅਧਿਕਾਰੀਆਂ ਨੂੰ ਗ਼ਲਤ 74♦ ਅੰਕੜੇ ਭਰਨ ਲਈ ਸਜ਼ਾ ਵੀ ਦਿੱਤੀ ਗਈ ਹੈ। ਕੁਝ ਅੰਦਾਜ਼ਿਆਂ ਮੁਤਾਬਕ, ਚੀਨ ਦਾ ਅਸਲ ਆਰਥਿਕ ਵਿਕਾਸ ਦੱਸੇ ਗਏ ਅੰਕੜਿਆਂ ਤੋਂ ਅੱਧਾ ਹੈ। ਇੱਕ ਨਿਰਪੇਖ ਵਿਸ਼ਲੇਸ਼ਣ ਦੇ ਮੁਤਾਬਕ, ਚੀਨ ਦੀ 74♦ ਸਰਕਾਰੀ ਅੰਕੜਿਆਂ ਨਾਲੋਂ ਘੱਟ ਹੈ। ਜੇ ਚੀਨ ਉੱਤੇ 74♦ ਵਰਗੇ ਗੰਭੀਰ ਮੁੱਦੇ ਨੂੰ ਲੈ ਕੇ ਸੱਚਾਈ ਛੁਪਾਉਣ ਦੇ ਇਲਜ਼ਾਮ ਲੱਗ ਸਕਦੇ ਹਨ, ਤਾਂ ਕੋਵਿਡ-19 ਨੂੰ ਲੈ ਕੇ ਸੱਚ ਨਾ ਦੱਸਣ ਬਾਰੇ ਵੀ ਸੋਚਣਾ ਬਹੁਤੀ ਵੱਡੀ ਗੱਲ ਨਹੀਂ।

# Join the 2020 Census

# Apply Online!

## Full-Time and Part-Time Positions

The 2020 Census is taking applications for positions starting soon. There are a wide variety of full-time and part-time jobs for all levels of experience. Make your next job count by applying today!

For more information about our Field or Office positions please visit us at:

**2020census.gov/jobs**

**1-855-JOB-2020**

(1-855-562-2020)

- Clerks / Supervisory Clerks
- Listers / Enumerators
- First Line Supervisors

For more information about Professional and Management positions please visit us at:

**usajobs.gov**

- Area Census Office Managers
- Lead Census Field Manager
- Admin Manager
- IT Manager
- Recruiting Manager

- Must be 18 years or older
- Must be a US Citizen
- If bilingual, must pass an oral equivalence exam in English



United States® Census Bureau

Shape your future START HERE >

United States® Census 2020

# Race & Ethnicity




**The U.S. Census Bureau considers race and ethnicity to be two separate and distinct concepts.**

## *What is race?*

The Census Bureau defines race as a person's self-identification with one or more social groups. An individual can report as White, Black or African American, Asian, American Indian and Alaska Native, Native Hawaiian and Other Pacific Islander, or some other race. Survey respondents may report multiple races.

## *What is ethnicity?*

Ethnicity determines whether a person is of Hispanic origin or not. For this reason, ethnicity is broken out in two categories, Hispanic or Latino and Not Hispanic or Latino. Hispanics may report as any race.




## *Can the information be used to enforce immigration laws on me or my family?*

No. The Census Bureau adheres to strict confidentiality laws that prohibit sharing of respondent information. We do not share respondent answers with immigration, law enforcement, tax collection agencies or any other organization.

## *What region of origin does Census consider for each race category?*

| White | Black or African American | American Indian or Alaska Native | Asian | Native Hawaiian or Other Pacific Islander |
|---|---|---|---|---|
| Europe | Africa | North America | Far East | Hawaii |
| Middle East | | South America | Southeast Asia | Guam |
| North Africa | | Central America | Indian | Samoa |
| | | | | Pacific Islands |


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA Weekly

Since April 2005 Editor : Sharnjit Singh Thind

Vol. 14 Issue 15 Wednesday 02 Jan to 08 Jan, 2019 www.PUNJABIDUNIYA.com Published Weekly from New York

# ਪੰਜਾਬੀ ਨੌਜਵਾਨਾਂ ਨੇ ਵਿਦੇਸ਼ ਉਡਾਰੀ ਮਾਰਨ ਲਈ ਖਰਚੇ 27000 ਕਰੋੜ

## ਸੱਜਣ ਕੁਮਾਰ ਨੂੰ ਸਿੱਖਾਂ ਕੋਲੋਂ ਬਚਾ-ਬਚਾ ਕੇ ਰੱਖੇਗਾ ਜੇਲ੍ਹ ਪ੍ਰਸ਼ਾਸਨ

## ਨਵੇਂ ਸਾਲ ਮੌਕੇ ਅਮਰੀਕੀ ਫੌਜ ਨੇ ਬੰਬ ਦਾ ਟਵੀਟ ਕਰਨ ਲਈ ਮੰਗੀ ਮੁਆਫ਼ੀ

## ਭਾਰਤ ਸਰਕਾਰ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਪਾਬੰਦੀ ਲਾਈ

Insurance Property & Casualty (See Full Page Advt. on Page 31) Business, Liability, Disability, Workers Comp., E & O, Auto, Home, 917-612-3158 www.whitestonecorpusa.com




## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA ***does not*** initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.



# ਕੋਰੋਨਾਵਾਇਰਸ: 'ਅਸੀਂ ਲਾਸ਼ਾਂ ਨੂੰ ਮੋਮਜਾਮੇ 'ਚ ਇੰਝ ਲਪੇਟਿਆ, ਜਿਵੇਂ ਗੁੱਡੀ ਲਪੇਟੀ ਜਾਂਦੀ

**ਗੱਲਬਾਤ ਦੌਰਾਨ ਉਸ ਦੀ ਆਵਾਜ਼ ਸ਼ਾਂਤ ਜਾਪਦੀ ਹੈ। ਜਿੱਥੇ ਕਿਤੇ ਉਸ ਨੂੰ ਕੁਝ ਟਪਲਾ ਲਗਦਾ ਹੈ ਕੋਲ ਖੜ੍ਹਾ ਕੋਈ ਜੀਅ ਉਸ ਨੂੰ ਯਾਦ ਦੁਆ ਦਿੰਦਾ ਹੈ। ਮੈਨੂੰ ਪਤਾ ਲੱਗਿਆ ਕਿ ਉਨ੍ਹਾਂ ਨੇ ਇਕਵਾਡੋਰ ਸਰਕਾਰ ਵੱਲੋਂ ਕੋਵਿਡ-19 ਦੇ ਲੱਛਣਾਂ ਵਾਲੇ ਮਰੀਜ਼ਾਂ ਲਈ ਜਾਰੀ ਕੀਤੇ ਨੰਬਰ 'ਤੇ ਫ਼ੋਨ ਕੀਤਾ ਸੀ ਜਿੱਥੋਂ ਉਨ੍ਹਾਂ ਨੂੰ ਘਰ ਵਿੱਚ ਰਹਿਣ ਲਈ ਕਿਹਾ ਗਿਆ।**

"ਮੇਰੀ ਭੈਣ ਦੀ ਮੌਤ ਪਹਿਲਾਂ ਹੋਈ। ਉਹ ਮਰ ਰਹੀ ਸੀ ਅਸੀਂ ਉਸ ਨੂੰ ਘਰ ਦੇ ਬਾਹਰ ਲਿਆ ਕੇ ਬਿਠਾਇਆ। ਉਹ ਉੱਥੇ ਹੀ ਸਾਡੀਆਂ ਬਾਹਾਂ ਵਿੱਚ ਮਰੀ। ਮੇਰੇ ਜੀਜੇ ਨੂੰ ਉਸ ਦੀ ਇਹ ਹਾਲਤ ਦੇਖ ਕੇ ਦਿਲ ਦਾ ਦੌਰਾ ਪੈ ਗਿਆ। ਉਹ ਵੀ ਉਸ ਵਰਗਾ ਹੀ ਨਰਮ ਦਿਲ ਦਾ ਸੀ। ਉਸ ਦੀ ਵੀ ਉੱਥੇ ਹੀ ਮੌਤ ਹੋ ਗਈ।"

"ਹਸਪਤਾਲ ਵਾਲਿਆਂ ਨੇ ਸਾਨੂੰ ਕਿਹਾ ਕਿ ਸਾਨੂੰ ਲਾਸ਼ਾਂ ਘਰ ਵਾਪਸ ਲਿਜਾਣੀਆਂ ਪੈਣਗੀਆਂ ਤੇ ਸਰਕਾਰ ਦੇ ਆਦਮੀ ਉਨ੍ਹਾਂ ਨੂੰ ਲੈ ਕੇ ਜਾਣਗੇ, ਜਿਸ ਲਈ ਸਾਨੂੰ ਫ਼ੋਨ ਕਰਨਾ ਹੋਵੇਗਾ।""ਫਿਰ ਅਸੀਂ ਉਨ੍ਹਾਂ ਨੂੰ ਮੋਮਜਾਮੇ ਵਿੱਚ ਲਪੇਟਿਆ ਜਿਵੇਂ ਕੋਈ ਗੁੱਡੀ ਲਪੇਟਦੀ ਹੈ। ਹਰ ਕੋਈ ਸਾਨੂੰ ਅਜੀਬ ਨਿਗਾਹਾਂ ਨਾਲ ਦੇਖ ਰਿਹਾ ਸੀ। ਫਿਰ ਵੀ ਸਾਨੂੰ ਅਜਿਹਾ ਕਰਨਾ ਪਿਆ ਕਿਉਂਕਿ ਹਵਾ ਖ਼ਰਾਬ ਹੋ ਰਹੀ ਸੀ।"ਬੈਰਥਾ ਸੈਲੀਨਾਸ ਨੇ ਮੈਨੂੰ ਆਪਣੀ ਕਹਾਣੀ ਫ਼ੋਨ 'ਤੇ ਦੱਸੀ। ਸਾਨੂੰ ਇੱਕ ਪਰਬਤ ਮਾਲਾ ਅਤੇ ਇੱਕ ਕੁਆਰੰਟੀਨ ਕੈਂਪ ਨੇ ਨਿਖੇੜਿਆ ਹੋਇਆ ਸੀ। ਹਾਲੇ ਤੱਕ ਮੈਂ ਬੈਰਥਾ ਦਾ ਚਿਹਰਾ ਨਹੀਂ ਦੇਖਿਆ ਸੀ। ਜੋ ਕਿ ਮੈਂ ਕੁਝ ਘੰਟਿਆਂ ਬਾਅਦ ਹੀ ਦੇਖ ਸਕਿਆ।

ਹੁਣ ਮੇਰੇ ਕੋਲ ਇੱਕ ਪਰਿਵਾਰਕ ਫੋਟੋ ਹੈ। ਜਿਸ ਵਿੱਚ ਦੋ ਲਾਸ਼ਾਂ ਘਰ ਦੇ ਫ਼ਰਸ਼ 'ਤੇ ਪਈਆਂ ਹਨ। ਜੋ ਮਿਸਰ ਦੀਆਂ ਮੰਮੀਆਂ ਵਾਂਗ ਲੱਗ ਰਹੀਆਂ ਹਨ। ਲਾਸ਼ਾਂ ਦੇ ਚੁਫ਼ੇਰੇ ਪਰਿਵਾਰਕ ਮੈਂਬਰ ਖੜ੍ਹੇ ਹਨ।

ਲਾਸ਼ਾਂ ਦੇਖ਼ ਕੇ ਮੈਨੂੰ ਮੱਕੜੀਆਂ ਯਾਦ ਆਈਆਂ। ਜੋ ਆਪਣੇ ਸ਼ਿਕਾਰਾਂ ਨੂੰ ਮਹੀਨ ਰੇਸ਼ਮ ਵਿੱਚ ਲਪੇਟ ਲੈਂਦੀਆਂ ਹਨ।

ਗੁਆਇਕੀਲ ਸ਼ਹਿਰ ਅਤੇ ਉਹ ਪ੍ਰੋਵਿੰਸ ਜਿਸ ਵਿੱਚ ਇਹ ਆਬਾਦ ਹੈ। ਪੂਰੇ ਇਕਵਾਡੋਰ ਵਿੱਚ ਕੋਵਿਡ-19 ਮਹਾਂਮਾਰੀ ਤੋਂ ਸਭ ਤੋਂ ਪ੍ਰਭਾਵਿਤ ਖੇਤਰ ਹੈ। ਸਰਕਾਰੀ ਅੰਕੜਿਆਂ ਮੁਤਾਬਕ ਇੱਥੇ 24 ਹਜ਼ਾਰ ਤੋਂ ਵਧੇਰੇ ਕੋਵਿਡ-19 ਦੇ ਮਰੀਜ਼ ਹਨ। ਇਨ੍ਹਾਂ ਵਿੱਚੋਂ 1640 ਪ੍ਰੋਵਿੰਸ ਦੀ ਰਾਜਧਾਨੀ ਵਿੱਚ ਹੀ ਸਾਹਮਣੇ ਆਏ ਹਨ।2 ਅਪ੍ਰੈਲ ਨੂੰ ਇਕਵਾਡੋਰ ਦੇ ਰਾਸ਼ਟਰਪਤੀ ਨੇ ਕਿਹਾ ਕਿ ਮੌਤਾਂ ਦੀ ਗਿਣਤੀ ਇਸ ਤੋਂ ਵਧੇਰੇ ਹੋ ਸਕਦੀ ਹੈ। ਕਿਉਂਕਿ ਉਨ੍ਹਾਂ ਲੋਕਾਂ ਦੀਆਂ ਵੀ ਮੌਤਾਂ ਹੋਈਆਂ ਹਨ ਜਿਨ੍ਹਾਂ ਦੇ ਕੋਵਿਡ-19 ਦੇ ਟੈਸਟ ਨਹੀਂ ਕੀਤੇ ਗਏ ਸਨ।

ਗੁਆਇਕੀਲ ਬੈਰਥਾ ਦਾ ਜੱਦੀ ਸ਼ਹਿਰ ਨਹੀਂ ਹੈ। ਉਹ 14 ਸਾਲ ਦੀ ਸੀ ਜਦੋਂ ਉਹ ਆਪਣੇ ਪਰਿਵਾਰ ਨਾਲ ਇੱਥੇ ਆ ਕੇ ਵਸੀ। ਬੈਰਥੀ ਦੱਸਦੀ ਹੈ, "ਮੇਰੇ ਮਾਪੇ ਇੱਥੇ ਆਏ ਤੇ ਸਾਨੂੰ ਨਿੱਕਿਆਂ ਜਿਹਿਆਂ ਨੂੰ ਵੀ ਆਪਣੇ ਨਾਲ ਲੈ ਆਏ। ਅਸੀਂ 10 ਭੈਣ-ਭਰਾ ਸੀ। ਮੈਂ ਸਭ ਤੋਂ ਛੋਟੇ ਤੋਂ ਵੱਡੀ ਸੀ।"

"ਉਨ੍ਹਾਂ ਸਾਰਿਆਂ ਵਿੱਚੋਂ ਮੈਂ ਤੇ ਮੇਰੀ ਵੱਡੀ ਭੈਣ, ਜਿਸ ਦੀ ਹੁਣ ਮੌਤ ਹੋ ਚੁੱਕੀ ਹੈ, ਇੱਥੇ ਮਪੈਸਿੰਗ ਵਿੱਚ ਰਹੀਆਂ। ਉਹ 76 ਸਾਲਾਂ ਦੀ ਸੀ ਅਤੇ ਮੇਰੇ ਮਾਂ ਵਰਗੀ ਸੀ। ਵਿਆਹ ਮਗਰੋਂ ਮੇਰੇ ਚਾਰ ਬੱਚੇ ਹਨ। ਉਸ ਦੇ ਪੰਜ ਬੱਚੇ ਸਨ। ਸਾਡੇ ਦੋਹਾਂ ਦੇ ਹੀ ਪੋਤੇ-ਪੋਤੀਆਂ ਹਨ। ਸਾਡੇ ਘਰ ਇੱਕ ਦੂਜੇ ਦੇ ਸਾਹਮਣੇ ਹੀ ਹਨ। ਇਸ ਲਈ ਅਸੀਂ ਹਰ ਰੋਜ਼ ਹੀ ਇੱਕ ਦੂਜੇ ਨੂੰ ਮਿਲਦੀਆਂ ਸਾਂ।""ਕੁਅਰੰਟੀਨ ਕੀਤੇ ਜਾਣ ਤੋਂ ਪਹਿਲਾਂ ਵੀ ਅਸੀਂ ਸਾਰੇ ਠੀਕ ਸੀ।"

ਜਦੋਂ ਕੁਅਰੰਟੀਨ ਹੋਇਆ ਤਾਂ ਸਾਡਾ ਮਿਲਣਾ ਬੰਦ ਹੋ ਗਿਆ। ਲਗਭਗ ਇੱਕ ਹਫ਼ਤੇ ਮਗਰੋਂ ਮੈਂ ਆਪਣੀ ਭਤੀਜੀ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦੀ "ਮਾਂ ਦੀ ਤਬੀਅਤ ਕੁਝ ਢਿੱਲੀ ਹੈ।"

"ਫਿਰ ਜਦੋਂ ਮੈਂ ਉਸ ਨੂੰ ਮਿਲਣ ਗਈ ਤਾਂ ਉਹ ਬਿਲਕੁਲ ਠੀਕ ਸੀ। ਉਸ ਨੇ ਮੇਰਾ ਨਾਂਅ ਲੈ ਕੇ ਕਿਹਾ,"ਨਹੀਂ ਪਹਿਲਾਂ ਮੈਂ ਕੁਝ ਢਿੱਲੀ ਸੀ ਪਰ ਹੁਣ ਠੀਕ ਹਾਂ।" ਦੋ ਦਿਨਾਂ ਬਾਅਦ ਉਸ ਦੀ ਸਿਹਤ ਫਿਰ ਵਿਗੜ ਗਈ। ਮੇਰੀ ਭਤੀਜੀ ਨੇ ਦੱਸਿਆ ਕਿ ਮਾਂ ਦੀ ਸਿਹਤ ਫਿਰ ਖ਼ਰਾਬ ਹੋ ਗਈ ਹੈ। ਉਸ ਨੂੰ ਸਾਰੀ ਰਾਤ ਸਾਹ ਲੈਣ ਵਿੱਚ ਦਿੱਕਤ ਰਹੀ ਹੈ।""ਮੈਂ ਪਤਾ ਲੈਣ ਗਈ ਤਾਂ ਉਸ ਨੇ ਦੱਸਿਆ ਕਿ ਉਹ ਖਿੱਝੀ ਹੋਈ ਹੈ। ਉਸ ਨੂੰ ਸਾਹ ਨਹੀਂ ਆ ਰਿਹਾ। ਮੇਰਾ ਜੀਜਾ ਵੀ ਢਿੱਲਾ ਹੋ ਗਿਆ। ਉਹ ਸਾਹ ਲੈਣ ਲਈ ਤੜਫ਼ ਰਿਹਾ ਸੀ।"

"ਮੈਂ ਉਸ ਨੂੰ ਪੁੱਛਿਆ ਤੁਹਾਨੂੰ ਕੀ ਹੋ ਰਿਹਾ ਹੈ ? - ਉਸ ਨੇ ਕਿਹਾ ਪਤਾ ਨਹੀਂ ਪਰ ਲਗਦਾ ਹੈ, ਮੈਂ ਜਲਦੀ ਹੀ ਮਰਨ ਵਾਲਾ ਹਾਂ।"

ਗੁਆਇਕੀਲ ਵਿੱਚ ਬੀਬੀਸੀ ਨੇ ਪਰਿਵਾਰ ਦੀਆਂ ਫ਼ੋਟੋਆਂ ਲੈਣ ਲਈ ਇੱਕ ਫ਼ੋਟੋਗ੍ਰਾਫ਼ਰ ਦਾ ਇੰਤਜ਼ਾਮ ਕੀਤਾ ਹੈ।

ਗੱਲਬਾਤ ਦੌਰਾਨ ਉਸ ਦੀ ਆਵਾਜ਼ ਸ਼ਾਂਤ ਜਾਪਦੀ ਹੈ। ਜਿੱਥੇ ਕਿਤੇ ਉਸ ਨੂੰ ਕੁਝ ਟਪਲਾ ਲਗਦਾ ਹੈ ਕੋਲ ਖੜ੍ਹਾ ਕੋਈ ਜੀਅ ਉਸ ਨੂੰ ਯਾਦ ਦੁਆ ਦਿੰਦਾ ਹੈ। ਮੈਨੂੰ ਪਤਾ ਲੱਗਿਆ ਕਿ ਉਨ੍ਹਾਂ ਨੇ ਇਕਵਾਡੋਰ ਸਰਕਾਰ ਵੱਲੋਂ ਕੋਵਿਡ-19 ਦੇ ਲੱਛਣਾਂ ਵਾਲੇ ਮਰੀਜ਼ਾਂ ਲਈ ਜਾਰੀ ਕੀਤੇ ਨੰਬਰ 'ਤੇ ਫ਼ੋਨ ਕੀਤਾ ਸੀ ਜਿੱਥੋਂ ਉਨ੍ਹਾਂ ਨੂੰ ਘਰ ਵਿੱਚ ਰਹਿਣ ਲਈ ਕਿਹਾ ਗਿਆ।

ਉਨ੍ਹਾਂ ਨੇ ਇੱਕ ਨਿੱਜੀ ਡਾਕਟਰ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਕੋਈ ਵੀ ਦੇਖਣ ਨੂੰ ਤਿਆਰ ਨਹੀਂ ਸੀ। ਲੱਛਣ ਜੋ ਕੋਵਿਡ-19 ਦੇ ਲੱਗ ਰਹੇ ਸਨ।ਉਨ੍ਹਾਂ ਨੇ ਸਾਨੂੰ ਕਿਹਾ "ਇੰਤਜ਼ਾਰ ਕਰੋ। ਗੁਆਇਕੀਲ ਵਿੱਚ ਤੁਸੀਂ ਇਕੱਲੇ ਨਹੀਂ ਹੋ ਜਿਨ੍ਹਾਂ ਨੂੰ ਦਿੱਕਤ ਹੈ। ਪੂਰੇ ਗੁਆਇਕੀਲ ਨੂੰ ਦਿੱਕਤ ਹੋ ਰਹੀ ਹੈ। ਕਿਰਪਾ ਕਰ ਕੇ ਉਡੀਕ ਕਰੋ।" "ਮੇਰੀ ਭੈਣ ਹਸਪਤਾਲ ਨਹੀਂ ਜਾਣਾ ਚਾਹੁੰਦੀ ਸੀ। ਉਹ ਜਾਣਦੀ ਸੀ ਕਿ ਹਸਪਤਾਲਾਂ ਬਾਰੇ ਕਿਹੋ-ਜਿਹੀਆਂ ਖ਼ਬਰਾਂ ਆ ਰਹੀਆਂ ਸਨ।"

"ਉਸ ਨੇ ਮੈਨੂੰ ਦੱਸਿਆ ਸੀ ਕਿ ਹਸਪਤਾਲਾਂ ਵਿੱਚ ਲੋਕਾਂ ਨੂੰ ਮਰਨ ਲਈ ਛੱਡ ਦਿੱਤਾ ਜਾਂਦਾ ਹੈ। ਉਹ ਇੱਕ ਵਾਰ ਮਰੀਜ਼ ਨੂੰ ਹਸਪਤਾਲ ਲੈ ਜਾਂਦੇ ਹਨ ਅਤੇ ਫਿਰ ਕਿਸੇ ਨੂੰ ਕੁਝ ਪਤਾ ਨਹੀਂ ਲਗਦਾ। ਇਸੇ ਕਰ ਕੇ ਉਹ ਹਸਪਤਾਲ ਨਹੀਂ ਜਾਣਾ ਚਾਹੁੰਦੀ ਸੀ।" "ਉਨ੍ਹਾਂ ਦਿਨਾਂ ਵਿੱਚ ਮੇਰੀ ਇੱਕ ਨੂੰਹ ਆਪਣੀ ਕਿਸੇ ਆਂਟੀ ਨੂੰ ਹਸਪਤਾਲ ਲੈ ਕੇ ਗਈ। ਉਸ ਤੋਂ ਬਾਅਦ ਕਿਸੇ ਨੂੰ ਕੁਝ ਨਹੀਂ ਪਤਾ। ਪੰਜ ਦਿਨਾਂ ਬਾਅਦ ਹਸਪਤਾਲ ਵਾਲਿਆਂ ਨੇ ਦੱਸਿਆ ਕਿ ਉਸ ਦੀ ਤਾਂ ਮੌਤ ਹੋ ਚੁੱਕੀ ਹੈ। ਇਸੇ ਕਾਰਨ ਮੇਰੀ ਭੈਣ ਦੇ ਬੱਚੇ ਉਸ ਨੂੰ ਇਕੱਲੀ ਨਹੀਂ ਛੱਡਣੀ ਚਾਹੁੰਦੇ ਸਨ।""ਅਸੀਂ ਉਸ ਨੂੰ ਘਰੇਲੂ ਨੁਸਖੇ ਦਿੱਤੇ।"

"ਮੈਂ ਉਸ ਨੂੰ ਕਿਹਾ ਕਿ ਜੇ ਉਸ ਨੂੰ ਸਾਹ ਲੈਣ ਵਿੱਚ ਮੁਸ਼ਕਲ ਆ ਰਹੀ ਹੈ ਤਾਂ ਉਸ ਨੂੰ ਹਸਪਤਾਲ ਜਾਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਜੇ "ਮੈਂ ਮਰਨਾ ਹੀ ਹੈ ਤਾਂ ਮੈਂ ਆਪਣੇ ਘਰੇ ਮਰਾਂਗੀ।"ਹੁਣ ਬੈਰਥਾ ਦੀ ਆਵਾਜ਼ ਕੁਝ ਥਿੜਕੀ। ਉਹ ਜਿੰਨੀ ਉਦਾਸ ਸੀ। ਸ਼ਾਇਦ ਉਨੀਂ ਹੀ ਹੈਰਾਨ ਵੀ ਸੀ। ਕਿਵੇਂ ਦੋ ਇਨਸਾਨ ਜੋ ਇੰਨਾ ਲੰਬਾ ਸਮਾਂ ਇਕੱਠੇ ਰਹੇ, ਇੱਕੋ ਸਮੇਂ ਕਿਵੇਂ ਮਰ ਸਕਦੇ ਹਨ ?

ਗੁਆਇਕੀਲ ਵਿੱਚ ਇਕੱਲਾ ਸਿਹਤ ਸੇਵਾਵਾਂ ਦਾ ਹੀ ਸੰਕਟ ਨਹੀਂ ਹੈ। ਇੱਕ ਹੋਰ ਵੀ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਕਬਰਿਸਤਾਨਾਂ ਨੇ ਭਾਵੇਂ ਉਹ ਸਰਕਾਰੀ ਹੋਣ ਤੇ ਭਾਵੇਂ ਨਿੱਜੀ ਲਾਸ਼ਾਂ ਨੂੰ ਲਾਗ਼ ਦੇ ਡਰੋਂ ਦਫ਼ਨਾਉਣ ਤੋਂ ਮਨ੍ਹਾਂ ਕਰ ਦਿੱਤਾ ਹੈ। ਉਹ ਇਹ ਵੀ ਨਹੀਂ ਦੇਖ ਰਹੇ ਕਿ ਕੌਣ ਲਾਗ਼ ਨਾਲ ਮਰਿਆ ਹੈ ਅਤੇ ਕੌਣ ਕਿਸੇ ਹੋਰ ਵਜ੍ਹਾ ਤੋਂ।

ਸ਼ੁਰੂ ਵਿੱਚ ਇੱਕ ਸਮੂਹਕ ਕਬਰ ਪੁੱਟਣ ਦੀ ਗੱਲ ਤੁਰੀ ਪਰ ਅੱਗੇ ਨਾ ਵਧ ਸਕੀ। ਜਿਸ ਤੋਂ ਬਾਅਦ ਫ਼ੈਡਰਲ ਸਰਕਾਰ ਨੇ ਹਰੇਕ ਲਾਸ਼ ਨੂੰ ਆਪਣੇ ਜਿੰਮੇ ਲੈ ਕੇ ਦਫ਼ਨਾਉਣ ਦਾ ਫ਼ੈਸਲਾ ਲਿਆ। ਇਸ ਕੰਮ ਲਈ ਟਾਸਕ ਫ਼ੋਰਸ ਵੀ ਬਣਾਈ ਗਈ ਹੈ।

ਉਹ ਲਾਸ਼ਾਂ ਲੈਣ ਰਾਤ ਦੇ ਲਗਭਗ 9 ਵਜੇ ਆਏ। ਉਹ ਖਿਝੇ ਹੋਏ ਸਨ। ਸ਼ਾਇਦ ਸੋਸ਼ਲ ਮੀਡੀਆ ਕਾਰਨ। ਉਹ ਕਿਸੇ ਨੂੰ ਲਾਸ਼ਾਂ ਦੇ ਨੇੜੇ ਨਹੀਂ ਢੁਕਣ ਦੇ ਰਹੇ ਸਨ। ਸਿਰਫ਼ ਪਰਿਵਾਰਕ ਮੈਂਬਰਾਂ ਨੂੰ ਆਗਿਆ ਸੀ, ਉਹ ਵੀ ਦੂਰੋਂ-ਦੂਰੋਂ। ਉਨ੍ਹਾਂ ਨੇ ਦੱਸਿਆ ਕਿ ਲਾਸ਼ਾਂ ਮੁਰਦਾਘਰ ਵਿੱਚ ਰੱਖੀਆਂ ਜਾਣਗੀਆਂ। ਜੇ ਸਾਡੇ ਕੋਲ ਦਫ਼ਨਾਉਣ ਦਾ ਕੋਈ ਹੀਲਾ ਨਹੀਂ ਹੈ ਤਾਂ ਉਹ ਲਾਸ਼ਾਂ ਲੈ ਜਾਣਗੇ। ਪਰ ਇਸ ਤਰ੍ਹਾਂ ਤਾਂ ਸਾਨੂੰ ਪਤਾ ਹੀ ਨਹੀਂ ਲੱਗੇਗਾ ਕਿ, ਲਾਸ਼ਾਂ ਕਿੱਥੇ ਦਫ਼ਨਾਈਆਂ ਗਈਆਂ।

ਉਨ੍ਹਾਂ ਅੱਗੇ ਦੱਸਿਆ, "ਜੇ ਅਸੀਂ ਆਪ ਇਹ ਸਭ ਕਰਨਾ ਹੈ ਤਾਂ ਪੈਸੇ ਜਮ੍ਹਾਂ ਕਰਨੇ ਪੈਣਗੇ। ਅਸੀਂ ਬਹੁਤ ਗ਼ਰੀਬ ਹਾਂ। ਅਜਿਹੇ ਕੰਮ ਵਿੱਚ ਹਰ ਥਾਂ 'ਤੇ ਪੈਸੇ ਹੁੰਦੇ ਹਨ, ਜੋ ਸਾਡੇ ਲਈ ਬਹੁਤ ਮਹਿੰਗਾ ਹੈ।" "ਸਾਨੂੰ ਨਹੀਂ ਸਮਝ ਆ ਰਿਹਾ, ਕੀ ਕਰੀਏ। ਹੋ ਸਕਦਾ ਹੈ ਮੁਹੱਲੇ ਵਾਲੇ ਸਾਡੀ ਮਦਦ ਕਰਨ ਪਰ ਇੱਥੇ ਤਾਂ ਹਰ ਘਰ ਵਿੱਚ ਬੀਮਾਰ ਹਨ। ਹਾਲਤ ਬੜੇ ਨਾਜ਼ੁਕ ਹਨ।"

ਗੁਆਇਕੀਲ ਵਿੱਚ ਅਮੀਰੀ-ਗ਼ਰੀਬੀ ਦਾ ਪਾੜਾ ਸਾਫ਼ ਦੇਖਿਆ ਜਾ ਸਕਦਾ ਹੈ। ਇੱਕ ਪਾਸੇ ਆਲੀਸ਼ਾਨ ਮਹਿਲਾਂ ਵਰਗੇ ਘਰ ਹਨ। ਦੂਜੇ ਪਾਸੇ ਦੋ ਡਾਲਰ ਤੋਂ ਵੀ ਘੱਟ ਦਿਹਾੜੀ 'ਤੇ ਗੁਜ਼ਾਰਾ ਕਰਨ ਵਾਲੇ ਗ਼ਰੀਬ। ਵਾਇਰਸ ਅਮੀਰਾਂ ਤੇ ਗ਼ਰੀਬਾਂ ਦੋਹਾਂ ਨੂੰ ਇਕ ਸਮਾਨ ਮੌਤ ਦਿੰਦਾ ਹੈ। ਉਨ੍ਹਾਂ ਦਾ ਕਫ਼ਨ-ਦਫ਼ਨ ਇੱਕ ਸਮਾਨ ਨਹੀਂ ਹੁੰਦਾ। ਜਦੋਂ ਬੈਰਥਾ ਤਾਬੂਤ ਦੀ ਕੀਮਤ ਦੱਸਦੀ ਹੈ ਤਾਂ ਉਸਦੀ ਆਵਾਜ਼ ਦੀ ਥਿੜਕਣ ਸਾਫ਼ ਮਹਿਸੂਸ ਕੀਤੀ ਜਾ ਸਕਦੀ ਹੈ। ਉਹ ਕਹਿੰਦੀ ਹੈ, "ਆਪਣੇ ਗੁਆਂਢੀਆਂ ਤੋਂ ਮਦਦ ਮੰਗਣਾ ਵੀ ਗੁੰਝਲਾਂ ਤੋਂ ਬਗ਼ੈਰ ਨਹੀਂ ਹੈ। ਉਨ੍ਹਾਂ ਦੀ ਹਾਲਤ ਵੀ ਕੋਈ ਲੁਕੀ ਹੋਈ ਜਾਂ ਚੰਗੀ ਨਹੀਂ ਹੈ।" "ਇੱਥੇ ਹਾਲੇ ਵੀ ਲਾਸ਼ਾਂ ਹਨ। ਇੱਕ ਬੰਦੇ ਦੀ ਕੁਝ ਦਿਨ ਪਹਿਲਾਂ ਮੌਤ ਹੋ ਗਈ ਸੀ। ਉਸ ਤੋਂ ਬਾਅਦ ਇੱਕ ਹੋਰ ਦੀ। ਉਹ ਕਿਸੇ ਦੀ ਵੀ ਲਾਸ਼ ਲੈਣ ਨਹੀਂ ਆਏ।" "ਅਸੀਂ ਇਆਨੇਸ ਅਤੇ ਫਿਲਾਡੈਲਫ਼ੋ ਨੂੰ ਮੋਮਜਾਮੇ ਵਿੱਚ ਲਪੇਟ ਕੇ ਘਰ ਦੇ ਅੰਦਰ ਰੱਖ ਦਿੱਤਾ। ਖ਼ੁਦ ਅਸੀਂ ਸਾਰੇ ਬਾਹਰ ਆ ਗਏ। ਉੱਥੇ ਕੋਈ ਨਹੀਂ ਰੁਕਿਆ।" "ਲੋਕ ਲਾਸ਼ਾਂ ਘਰਾਂ ਦੇ ਬਾਹਰ ਰੱਖ ਦਿੰਦੇ ਹਨ। ਲਾਗ਼ ਫ਼ੈਲਣ ਦਾ ਖ਼ਤਰਾ ਜੋ ਹੈ।"

"ਲੋਕਾਂ ਕੋਲ ਲਾਸ਼ਾਂ ਸੜਕਾਂ 'ਤੇ ਸੁੱਟਣ ਤੋਂ ਇਲਾਵਾ ਹੋਰ ਕੋਈ ਚਾਰਾ ਹੀ ਨਹੀਂ ਹੈ।"

"ਸਰਕਾਰ ਨੇ ਮਦਦ ਦਾ ਭਰੋਸਾ ਦਿੱਤਾ ਹੈ। ਸਾਨੂੰ ਨਹੀਂ ਪਤਾ ਉਹ ਕਦੋਂ ਮਿਲੇਗੀ। ਅਸੀਂ ਕਿਹੜਾ ਘਰਾਂ ਤੋਂ ਬਾਹਰ ਜਾ ਰਹੇ ਹਾਂ। ਅਸੀਂ ਤਾਂ ਘਰਾਂ ਵਿੱਚ ਬੰਦ ਹਾਂ।"

ਹਰ ਕੋਈ ਘਬਰਾਇਆ ਹੋਇਆ ਹੈ ਕਿਉਂਕਿ ਲੋਕ ਬਸ ਮਰ ਰਹੇ ਹਨ, ਮਰ ਰਹੇ ਹਨ ਅਤੇ ਮਰ ਰਹੇ ਹਨ। ਬੀਬੀਸੀ ਵੱਲੋਂ ਭੇਜੇ ਫ਼ੋਟੋਗ੍ਰਾਫ਼ਰ ਨੇ ਉੱਥੇ ਪਹੁੰਚ ਕੇ ਮੈਨੂੰ ਫ਼ੋਟੋਆਂ ਭੇਜੀਆਂ। ਜਿਨ੍ਹਾਂ ਵਿੱਚ ਮੈਂ ਪਹਿਲੀ ਵਾਰ ਬਰੈਥਾ ਨੂੰ ਦੇਖਿਆ। ਇੱਕ ਨੀਲੇ ਮਾਸਕ ਨੇ ਉਸ ਦਾ ਚਿਹਰਾ ਕਜਿਆ ਹੋਇਆ ਹੈ। ਮੈਂ ਉਸ ਦੇ ਮੁਹਾਂਦਰੇ ਦਾ ਅੰਦਾਜ਼ਾ ਭਰ ਲਾ ਸਕਦਾ ਹਾਂ। ਇੰਝ ਲਗਦਾ ਹੈ ਜਿਵੇਂ ਫ਼ੋਨ 'ਤੇ ਹੋਈ ਗੱਲਬਾਤ ਦੌਰਾਨ ਉਸ ਦੀ ਆਵਾਜ਼ ਦੇ ਉਤਰਾਅ-ਚੜ੍ਹਾਅ ਨੇ ਮੈਨੂੰ ਉਸ ਬਾਰੇ ਇਸ ਤਸਵੀਰ ਨਾਲੋਂ ਕਿਤੇ ਜ਼ਿਆਦਾ ਕੁਝ ਦੱਸਿਆ ਹੈ।





ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA



# ਸੋਸ਼ਲ ਮੀਡੀਆ ਦਾ ਸਰੀਰ ਤੇ ਵਿਹਾਰ ’ਤੇ ਅਸਰ

**ਸੋਸ਼ਲ ਮੀਡੀਆ ਨਾਲ ਜੁੜੇ ਲੋਕ ਨਾ ਤਾਂ ਪੂਰੀ ਨੀਂਦ ਲੈਂਦੇ ਹਨ ਤੇ ਨਾ ਲੋੜੀਂਦਾ ਸਮਾਂ ਦਿਮਾਗ਼ ਨੂੰ ਦਿੰਦੇ ਹਨ। ਲੋੜੋਂ ਵੱਧ ਇਸ ਦੀ ਵਰਤੋਂ ਨਾਲ ਐਲਜ਼ਾਈਮਰ, ਯਾਦਦਾਸ਼ਤ ਦੀ ਕਮੀ ਵਰਗੇ ਰੋਗਾਂ ਨੂੰ ਸਹੇੜ ਰਹੇ ਹਨ...**









ਡਾ. ਹਰਸ਼ਿੰਦਰ ਕੌਰ
0175-2216783

ਸੰਨ 2007 ਵਿਚ ਖੋਜੀ ਕ੍ਰਿਸਟਾਕੀ ਦੀ ‘ਨਿਊ ਇੰਗਲੈਂਡ ਜਰਨਲ ਆਫ ਮੈਡੀਸਨ’ ਵਿਚ ਦੁਨੀਆ ਦੀ ਸਭ ਤੋਂ ਮਸ਼ਹੂਰ ਖੋਜ ‘ਫਰਮਿੰਗਮ ਖੋਜ’ ਛਪੀ ਸੀ। ਇਸ ਵਿਚ ਦੱਸਿਆ ਗਿਆ ਸੀ ਕਿ

ਕਿਸੇ ਵੀ ਮੋਟੇ ਬੱਚੇ ਦੇ ਦੋਸਤਾਂ ਵਿੱਚੋਂ ਉਸ ਦੇ 57 ਫ਼ੀਸਦੀ ਦੋਸਤ ਵੀ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਜੇ ਇਨ੍ਹਾਂ ਦੋਸਤਾਂ ਦੇ ਸਮੂਹ ਵਿੱਚੋਂ ਕਿਸੇ ਹੋਰ ਸਮੂਹ ਨਾਲ ਕੋਈ ਬੱਚਾ
ਵਾਕਫ਼ੀਅਤ ਰੱਖਦਾ ਹੋਵੇ, ਤਾਂ ਉਸ

ਅਸਰ ਵਧੇਰੇ ਛੇਤੀ ਪਹੁੰਚਦਾ ਹੈ।

ਇਸ ਖੋਜ ਨੂੰ ਕੁਝ ਅਗਾਂਹ ਵਧਾਉਂਦੇ ਹੋਏ ਫੇਸਬੁੱਕ ਅਤੇ ਸੋਸ਼ਲ ਰਾਹੀਂ ਜੁੜੇ ਦੋਸਤ ਵੀ ਸ਼ਾਮਲ

ਦੀ ਭਾਲ ਕੀਤੀ ਜਾਂਦੀ ਹੈ। ਅਜਿਹੀ ਸਾਂਝ ਇਕ ਕਲਾਸ, ਇਕ ਕਾਲੋਨੀ, ਕੰਮਕਾਰ ਦੇ ਗਰੁੱਪ, ਫੈਕਟਰੀ ਦੇ ਕਾਮੇ, ਹਸਪਤਾਲ ਵਿਚਲੇ ਡਾਕਟਰ, ਦਫ਼ਤਰ ਦੇ ਕਰਮਚਾਰੀ, ਲੇਖਕ, ਧਾਰਮਿਕ

**ਵਤੀਰੇ ’ਤੇ ਅਸਰ**

• ਰੋਜ਼ ਦੇਰ ਰਾਤ ਤਕ ਜਾਗਣ ਤੇ ਲਗਾਤਾਰ ਫੇਸਬੁੱਕ ਈ-ਮੇਲਜ਼, ਵ੍ਹਟਸਐਪ ’ਤੇ ਨਵੀਂ ਹਰ ਪੋਸਟ ਵੇਖਣ ਅਤੇ ਉਸ ਦਾ ਜਵਾਬ ਦੇਣ ਨਾਲ ਪੂਰੀ ਤੇ ਡੂੰਘੀ ਨੀਂਦ ਨਹੀਂ ਲਈ ਜਾ ਸਕਦੀ। ਇੰਜ ਦਿਮਾਗ਼ ਥੱਕਿਆ ਮਹਿਸੂਸ ਹੁੰਦਾ ਹੈ, ਸਿਰ ਭਾਰਾ ਲਗਦਾ ਹੈ ਤੇ ਸਰੀਰ ਚੁਸਤ ਨਹੀਂ ਰਹਿੰਦਾ। ਹੌਲੀ-ਹੌਲੀ ਤਣਾਅ ਵਧਣ ਲਗਦਾ ਹੈ। ਇਸੇ ਲਈ ਛੋਟੀ ਉਮਰ ’ਚ ਹਾਰਟ ਅਟੈਕ, ਸ਼ੂਗਰ ਰੋਗ, ਜੋੜਾਂ ਦੇ ਦਰਦ, ਐਲਰਜੀ, ਭੁੱਖ ਘਟ ਜਾਂ ਵਧ ਜਾਣਾ, ਮੋਟਾਪਾ ਆਦਿ ਸਮੱਸਿਆਵਾਂ ਵੇਖਣ ਨੂੰ ਮਿਲ ਰਹੀਆਂ ਹਨ।

• ਬੱਚਿਆਂ ਦੀਆਂ ਵਧਦੀਆਂ ਤੇ ਬੇਲੋੜੀਆਂ ਮੰਗਾਂ, ਮਾਪਿਆਂ ਵੱਲੋਂ ਸਾਰੀਆਂ ਮੰਗਾਂ ਪੂਰੀਆਂ ਨਾ ਕਰ ਸਕਣਾ, ਭੈਣ-ਭਰਾਵਾਂ ’ਚ ਅਜਿਹੀਆਂ ਮੰਗਾਂ ਕਾਰਨ ਪਾੜ ਪੈਣ ਵਰਗੇ ਵਰਤਾਰੇ ਸਾਂਝੇ ਪਰਿਵਾਰਾਂ ਨੂੰ ਵੀ ਦੋਫਾੜ ਕਰ ਰਹੇ ਹਨ।

• ਇਕ-ਦੂਜੇ ਨੂੰ ਵੇਖ ਕੇ ਕਿਸੇ ਨੂੰ ਭੰਡਣ ਜਾਂ ਨਿਖੇਧੀ ਕਰਨ ਨਾਲ ਵੀ ਪਹਿਲਾਂਆਪਣੇ ਦਿਮਾਗ਼ ’ਤੇ ਜ਼ੋਰ ਪਾਉਣਾ ਪੈਂਦਾ ਹੈ ਤੇ ਫਿਰ ਵਾਰ-ਵਾਰ ਉਸ ਦਾ ਜਵਾਬ ਪੜ੍ਹਨ ਲਈ ਤਣਾਅ ਸਹੇੜਨਾ ਪੈਂਦਾ ਹੈ। ਇੰਜ ਹੀ ਕਿਸੇ ਵੱਲੋਂ ਮਾੜਾ ਕਹੇ ਜਾਣ ’ਤੇ ਕੋਈ ਇੰਨੀ ਢਹਿੰਦੀ ਕਲਾ ਵਿਚ ਜਾ ਸਕਦਾ ਹੈ ਕਿ ਉਸ ਨੂੰ ਦਵਾਈਆਂ ਤਕ ਖਾਣੀਆਂ ਪੈ ਸਕਦੀਆਂ ਹਨ।

• ਬੇਤੁਕੀਆਂ ਖ਼ਬਰਾਂ ਤੋਂ ਉਪਜੀ ਗ਼ਲਤਫਹਿਮੀ ਚੰਗੇ ਭਲੇ ਰਿਸ਼ਤਿਆਂ ’ਚ ਪਾੜ ਪਾ ਦਿੰਦੀ ਹੈ।

• ਅਫ਼ਵਾਹਾਂ ਤੇ ਪਾਖੰਡੀ ਲੋਕਾਂ ਵੱਲੋਂ ਪਾਈਆਂ ਗਈਆਂ ਝੂਠੀਆਂ ਖ਼ਬਰਾਂ ਕਈਆਂ ਨੂੰ ਗ਼ਲਤ ਰਾਹੇ ਪਾ ਦਿੰਦੀਆਂ ਹਨ ਤੇ ਅਜਿਹੇ ਫਰੇਬ ਦੁਆਰਾ ਠੱਗੇ
ਗਏ ਲੋਕ ਕਈ ਵਾਰ ਆਤਮ-ਹੱਤਿਆ ਤਕ ਕਰ ਲੈਂਦੇ ਹਨ।

ਗੱਲ ’ਤੇ ਭੜਕ ਕੇ ਦੂਜੇ ਨੂੰ ਜਾਨੋਂ ਮਾਰ ਦੇਣ ਤਕ ਦੀ ਨੌਬਤ ਆ ਜਾਂਦੀ ਹੈ। ਫੋਕੀ ਵਾਹ-ਵਾਹੀ ਖੱਟਣ ਲਈ ਔਖੀਆਂ ਥਾਵਾਂ ’ਤੇ ਸੈਲਫ਼ੀਆਂ ਲਏ ਜਾਣ ਕਾਰਨ ਕਈ ਜਾਨਾਂ ਜਾ ਰਹੀਆਂ ਹਨ। ਐਕਸੀਡੈਂਟ ਵੇਲੇ ਜ਼ਖ਼ਮੀਆਂ
ਦੀ ਮਦਦ ਕਰਨ ਦੀ ਥਾਂ ਫਿਲਮਾਂ ਬਣਾ ਕੇ ਅਪਲੋਡ ਕਰਨ ਦਾ ਰੁਝਾਨ ਵਧ ਰਿਹਾ ਹੈ।

## ਚੱਲ ਰਹੀਆਂ ਖੋਜਾਂ

ਇਸ ਸਬੰਧੀ ਹੋ ਰਹੀਆਂ ਨਵੀਆਂ ਖੋਜਾਂ ਰਾਹੀਂ ਇਹ ਚਾਨਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿੰਨੇ ਫ਼ੀਸਦੀ ਬੱਚਿਆਂ ਵਿਚ ਮੋਟਾਪੇ ਦੇ ਵਧਣ ਦਾ ਕਾਰਨ ਸੋਸ਼ਲ ਮੀਡੀਆ ਹੈ ? ਸੋਸ਼ਲ ਮੀਡਆ ਦਾ ਬੱਚਿਆਂ ਦੇ ਖਾਣ-ਪੀਣ ’ਤੇ ਕੀ ਅਸਰ
ਪੈ ਰਿਹਾ ਹੈ ? ਸਾਹ ਦੀਆਂ ਬੀਮਾਰੀਆਂ ਤੇ ਚਮੜੀ ਰੋਗਾਂ ਵਿਚ ਕਿੰਨਾ ਵਾਧਾ ਹੋਇਆ ਹੈ ? ਅੱਖਾਂ ’ਤੇ ਪੈਂਦੇ ਅਸਰ ਤੇ ਛੋਟੀ ਉਮਰ ਵਿਚ ਲੱਗ ਰਹੀਆਂ ਐਨਕਾਂ ਦੇ ਕਾਰਨ ? ਕੰਪਿਊਟਰ ਅੱਗੇ ਬਹਿ ਕੇ ਮੋਟਾਪੇ ਦਾ ਸ਼ਿਕਾਰ ਹੋਈਆਂ ਔਰਤਾਂ ’ਚ ਵਧ ਰਿਹਾ ਹਾਰਮੋਨਜ਼ ਦਾ ਅਸਾਵਾਂਪਨ ਤੇ ਮਾਹਵਾਰੀ ਵਿਚ ਗੜਬੜੀ। ਵਧਦੇ ਮੋਟਾਪੇ ਕਾਰਨ ਕੈਂਸਰ ’ਚ ਵਾਧਾ। ਸੋਸ਼ਲ ਮੀਡੀਆ ਕਾਰਮ ਬੱਚਿਆਂ ’ਚ ਆ ਰਹੀ ਸਹਿਣਸ਼ੀਲਤਾ ਦੀ ਘਾਟ ਦੇ ਕਾਰਨਾਂ ਨੂੰ ਨਵੀਆਂ ਖੋਜਾਂ ਜ਼ਰੀਏ ਜਾਨਣ ਦੇ ਯਤਨ ਕੀਤੇ ਜਾ ਰਹੇ ਹਨ।

## ਹੁਣ ਤਕ ਦੀਆਂ ਖੋਜਾਂ

ਸੋਸ਼ਲ ਮੀਡੀਆ ਬੱਚਿਆਂ ਨੂੰ ਢੀਠ, ਲੜਾਕੇ, ਛੇਤੀ ਭੜਕ ਜਾਣ ਵਾਲੇ ਤੇ ਪੜ੍ਹਾਈ ਤੋਂ ਮਨ ਚੁਰਾਉਣ ਵਾਲੇ ਬਣਾ ਰਿਹਾ ਹੈ। ਇਸ ਰਾਹੀਂ ਫੈਲ ਰਹੀ ਨਫ਼ਰਤ ਭੀੜ ਦੀ ਮਾਨਸਿਕਤਾ ਤਿਆਰ ਕਰ ਰਹੀ ਹੈ। ਤਣਾਅ, ਮੋਟਾਪਾ, ਸ਼ੱਕਰ ਰੋਗ ਤੇ ਬਲੱਡ ਪ੍ਰੈਸ਼ਰ ਦਾ ਛੋਟੀ ਉਮਰ ’ਚ ਹੋਣਾ ਤੇ ਇਨ੍ਹਾਂ ਅਲਾਮਤਾਂ ਦੇ ਮਰੀਜ਼ਾਂ ਦੀ ਗਿਣਤੀ ’ਚ ਚਾਰ ਸੰਨ 2007 ਵਿਚ ਖੋਜੀ ਕ੍ਰਿਸਟਾਕੀ ਦੀ ‘ਨਿਊ ਇੰਗਲੈਂਡ ਜਰਨਲ ਆਫ ਮੈਡੀਸਨ’ ਵਿਚ ਦੁਨੀਆ ਦੀ ਸਭ ਤੋਂ ਮਸ਼ਹੂਰ ਖੋਜ ‘ਫਰਮਿੰਗਮ ਖੋਜ’ ਛਪੀ ਸੀ। ਇਸ ਵਿਚ ਦੱਸਿਆ ਗਿਆ ਸੀ ਕਿ ਕਿਸੇ ਵੀ ਮੋਟੇ ਬੱਚੇ ਦੇ ਦੋਸਤਾਂ ਵਿੱਚੋਂ ਉਸ ਦੇ 57 ਫ਼ੀਸਦੀ ਦੋਸਤ ਵੀ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਜੇ ਇਨ੍ਹਾਂ ਦੋਸਤਾਂ ਦੇ ਸਮੂਹ ਵਿੱਚੋਂ ਕਿਸੇ ਹੋਰ ਸਮੂਹ ਨਾਲ ਕੋਈ ਬੱਚਾ ਵਾਕਫ਼ੀਅਤ ਰੱਖਦਾ ਹੋਵੇ, ਤਾਂ ਉਸ ਗਰੁੱਪ ਵਿਚਲੇ ਬੱਚੇ ਵੀ ਅਜਿਹੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਪ੍ਰਭਾਵ ਹੇਠ ਆ ਜਾਂਦੇ ਹਨ।

ਗਰੁੱਪ ਵਿਚਲੇ ਬੱਚੇ ਵੀ ਅਜਿਹੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਪ੍ਰਭਾਵ ਹੇਠ ਆ ਜਾਂਦੇ ਹਨ। ਕਮਾਲ ਤਾਂ ਇਹ ਹੈ ਕਿ ਉਨ੍ਹਾਂ ਵਿੱਚੋਂ ਵੀ ਅੱਗੋਂ 20 ਫ਼ੀਸਦੀ ਬੱਚੇ ਮੋਟਾਪੇ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਵੀ ਵੇਖਣ ’ਚ ਆਇਆ ਕਿ ਦੋ ਗਰੁੱਪਾਂ ਵਿਚਕਾਰਲਾ ‘ਲਿੰਕ ਬੱਚਾ’ ਭਾਵੇਂ ਆਪ ਮੋਟਾ ਨਾ ਵੀ ਹੋਵੇ, ਫਿਰ ਵੀ ਇਕ ਸਮੂਹ ਵਿਚਲੀ ਮੋਟਾਪੇ ਵਾਲੀ ਸੋਚ ਦੂਸਰੇ ਸਮੂਹ ਤਕ ਪਹੁੰਚਾ ਦਿੰਦਾ ਹੈ।
ਇਕ ਸਾਲ ਬਾਅਦ ਅਜਿਹੀ ਇਕ ਹੋਰ ਖੋਜ ਸਾਹਮਣੇ ਆਈ, ਜਿਸ ਵਿਚ ਸਿਗਰਟ ਪੀਣ ਦੇ ਆਦੀ ਬੰਦਿਆਂ ਦਾ ਹੋਰਨਾਂ ’ਤੇ ਅਸਰ ਘੋਖਿਆ ਗਿਆ।
ਇਹ ਵੇਖਣ ’ਚ ਆਇਆ ਕਿ ਜਿਸ ਬੰਦੇ ਨੇ ਪਹਿਲੀ ਵਾਰ ਸਿਗਰਟ ਪੀਤੀ, ਉਸ ਦੇ ਦੋਸਤਾਂ ਵਿੱਚੋਂ 36 ਫ਼ੀਸਦੀ ਨੇ ਵੀ ਸਿਗਰਟ ਦਾ ਸੂਟਾ ਮਾਰਿਆ। ਫਿਰ ਅਜਿਹੀ ਹੀ ਇਕ ਖੋਜ ਗੁੱਸੇਖ਼ੋਰ ਬੰਦੇ ’ਤੇ ਕੀਤੀ ਗਈ। ਉਸ ਵਿਚ ਨਤੀਜੇ ਇਹ ਨਿਕਲੇ ਕਿ ਗੁਸੈਲ ਬੰਦੇ ਦੇ 68 ਫ਼ੀਸਦੀ ਦੋਸਤ ਵੀ ਖਿਝ ਕੇ ਬੋਲਣ ਵਾਲੇ, ਉੱ”1 ਬੋਲਣ ਜਾਂ ਗਾਲ੍ਹਾਂ ਕੱਢਣ ਦੇ ਆਦੀ ਬਣ ਜਾਂਦੇ ਹਨ। ਚੌਥੀ ਖੋਜ ਖ਼ੁਸ਼ਮਿਜ਼ਾਜ ਲੋਕਾਂ ’ਤੇ ਕੀਤੀ ਗਈ। ਉਥੇ ਵੀ ਨਤੀਜੇ ਕੁਝ ਅਜਿਹੇ ਹੀ ਸਨ। ਨਾ ਸਿਰਫ਼ ਉਸ ਗਰੁੱਪ ਵਿਚ ਬਲਕਿ ਇਨਸਾਨੀ ਕੜੀ ਰਾਹੀਂ ਜੁੜੇ ਦੂਜੇ ਗਰੁੱਪ ਤੇ ਤੀਜੇ ਗਰੁੱਪ ਤਕ ਵੀ ਇਸ ਦਾ ਅਸਰ ਵੇਖਿਆ ਗਿਆ, ਜਾਣੀਂ ਦੋਸਤਾਂ ਦੇ ਦੋਸਤਾਂ ਦੇ ਦੋਸਤਾਂ ਤਕ ਇਨਸਾਨੀ ਦਿਮਾਗ਼ ਦੀਆਂ ਤਰੰਗਾਂ ਵਿਹਾਰ ਉੱਥੇ ਪੈਂਦਾ ਚੰਗਾ-ਮਾੜਾ ਅਸਰ ਪਹੁੰਚਾ ਦਿੰਦੀਆਂ ਹਨ ਪਰ ਮਾੜਾ




ਕੀਤੇ ਗਏ। ਇਹ ਨਤੀਜਾ ਨਿਕਲਿਆ ਕਿ ਮੋਟਾਪਾ, ਸ਼ਰਾਬ ਪੀਣੀ, ਸਿਗਰਟ ਪੀਣੀ, ਨਸ਼ਾ ਕਰਨਾ, ਹਥਿਆਰਾਂ ਦਾ ਸ਼ੌਕ ਪਾਲਣਾ, ਗੁਸੈਲ ਜਾਂ ਹਸਮੁੱਖ ਬਣਨਾ, ਵਾਲਾਂ ਦਾ ਨਵਾਂ ਫੈਸ਼ਨ, ਸਿਆਸੀ ਪਾਰਟੀਆਂ
ਵੱਲ ਝੁਕਾਅ ਤੋਂ ਇਲਾਵਾ ਨਵੀਆਂ ਕਾਰਾਂ, ਮੋਟਰਸਾਈਕਲਾਂ, ਪੌਸ਼ਾਕਾਂ
ਆਦਿ ਗੱਲ ਦੀ ਹਰ ਨਿੱਕੀ ਤੋਂ ਨਿੱਕੀ ਚੀਜ਼ ’ਤੇ ਗਰੁੱਪ ਦਾ ਅਸਰ ਪੈਂਦਾ ਹੈ। ਚਾਹੇ ਅਣਚਾਹੇ ਹੀ ਸਹੀ ਪਰ ਦਿਮਾਗ਼ ਵੱਲ ਵਾਰ-ਵਾਰ ਜਾਂਦੇ ਸੁਨੇਹਿਆਂ ਰਾਹੀਂ ਬੰਦੇ ਦੇ ਵਿਹਾਰ ’ਤੇ ਬਦੋਬਦੀ ਅਸਰ ਪੈ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਇਕ ਸ਼ਖ਼ਸੀਅਤ ਦੇ ਕਿਰਦਾਰ ਦਾ ਤੀਜੇ ਗਰੁੱਪ ਤਕ ਅਸਰ ਵੇਖਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਕਦੇ ਨਾ ਮਿਲਿਆ ਗਿਆ ਹੋਵੇ ਤੇ ਅਜਿਹਾ ਅਸਰ ਵਤੀਰੇ ਵਿਚ ਪਰਿਵਰਤਨ ਕਰਨ ਦੇ ਸਮਰੱਥ ਹੈ। ਜਦੋਂ ਫੇਸਬੁੱਕ ਜਾਂ ਵ੍ਹਟਸਐਪ ਗਰੁੱਪਾਂ ਵੱਲ ਝਾਤ ਮਾਰੀਏ ਤਾਂ ਕੁਝ ਅਜਿਹਾ ਹੀ
ਨਜ਼ਰੀਂ ਪੈਂਦਾ ਹੈ। ਉੱਥੇ ਗਰੁੱਪ ਦੇ ਮੈਂਬਰ ਚੁਣਨ ਲਈ ਕੋਈ ਨਾ ਕੋਈ ਸਾਂਝ ਜਾਂ ਇਕਸੁਰਤਾ

ਆਦਿ ਕੋਈ ਵੀ ਇਕ ਗਰੁੱਪ ਵਿਚ ਹੋ ਸਕਦੇ ਹਨ। ਵੱਖ-ਵੱਖ ਥਾਵਾਂ ਤੋਂ, ਵੱਖ-ਵੱਖ ਸੋਚ ਨਾਲ, ਵੱਖਰੇ ਕਾਇਦੇ, ਵੱਖਰਾ ਖਾਣ-ਪੀਣ ਤੇ ਪਹਿਨਣ ਦਾ ਸ਼ੌਕ ਰੱਖਦੇ ਹੋਏ ਸਾਰੇ ਗਰੁੱਪ ਮੈਂਬਰਾਂ ਵਿੱਚੋਂ ਬਥੇਰੇ ਹੋਰ ਗਰੁੱਪਾਂ ਵਿਚ ਵੀ ਮੈਂਬਰ ਹੁੰਦੇ ਹਨ। ਇਨ੍ਹਾਂ ਵਿੱਚੋਂ ਕਈ ਵੱਖਰੇ ਮੁਲਕਾਂ ਦੇ ਵਾਸੀ ਵੀ ਹੁੰਦੇ ਹਨ। ਹਰ ਕੋਈ
ਆਪੋ ਆਪਣੀ ਸੋਚ ਸੋਸ਼ਲ ਮੀਡੀਆ ’ਤੇ ਥੋਪਦਾ ਹੈ। ਕਈ ਉਸ ਸੋਚ ਨਾਲ ਰਲਵੀਂ ਤੇ ਕੋਈ ਉਲਟ ਵਿਚਾਰਧਾਰਾ ਰੱਖਦੇ ਹੋਏ ਆਪਣੀ ਸ਼ਮੂਲੀਅਤ ਕਰਦੇ ਰਹਿੰਦੇ ਹਨ। ਜਿਹੜਾ ਕਿਸੇ ਇਕ ਸੋਚ ਤੋਂ ਪ੍ਰਭਾਵਿਤ ਹੋ ਜਾਵੇ, ਉਹ ਅਗਲੇ ਗਰੁੱਪ ਨਾਲ ਉਸੇ ਸੋਚ ਨੂੰ ਸਾਂਝੀ ਕਰਦਾ ਹੈ। ਇਸ ਤਰ੍ਹਾਂ ਇਕ ਤਰ੍ਹਾਂ ਦੀ ਸੋਚ ਆਪੇ ਹੀ ਲੱਖਾਂ ਤਕ ਪਹੁੰਚ ਜਾਂਦੀ। ਜਿਹੜਾ ਸਭ ਤੋਂ ਵੱਧ ਮਾੜਾ ਰੁਝਾਨ ਵੇਖਣ ’ਚ ਆ ਰਿਹਾ ਹੈ, ਉਹ ਹੈ ਦੂਜੇ ਨਾਲ ਤੁਲਨਾ ਕਰਨ ਦਾ। ਮਿਸ਼ੀਗਨ ਯੂਨੀਵਰਸਿਟੀ ਵਿਚ ਲੋਕਾਂ ਦਾ ਇਕ-ਦੂਜੇ ਨੂੰ ਵੇਖ ਕੇ ਉਸੇ ਤਰ੍ਹਾਂ ਦੀ ਮਹਿੰਗੀ ਪੌਸ਼ਾਕ ਪਾਉਣ ਦਾ ਰੁਝਾਨ, ਉਸੇ ਤਰ੍ਹਾਂ ਦੀ ਮਹਿੰਗੀ ਕਾਰ, ਜੁੱਤੀਆਂ, ਗਹਿਣੇ ਆਦਿ ਨਾਲ ਜਿੱਥੇ ਫੈਸ਼ਨ ਨੂੰ ਹਵਾ ਮਿਲ ਰਹੀ ਪਾਈ ਗਈ ਜਦਕਿ ਬੱਚਿਆਂ ਦੀਆਂ ਬੇਲੋੜੀਆਂ ਮੰਗਾਂ ਕਾਰਨ ਮਾਪਿਆਂ ’ਤੇ ਪੈਸੇ ਦਾ ਵਾਧੂ ਬੋਝ ਵੀ ਪੈ ਰਿਹਾ ਹੈ। ਅਜਿਹਾ ਕਰਨ ਨਾਲ ਜਿੱਥੇ ਰਿਸ਼ਤਿਆਂ ਵਿਚ ਫਿੱਕ ਆ ਜਾਂਦੀ ਹੈ, ਉਥੇ ਕਈ ਮਾਪੇ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਦੀ ਫੋਕੀ ਟੌਹਰ ਬਣਾਈ ਰੱਖਣ ਲਈ ਪਿਸ ਜਾਂਦੇ ਹਨ।

**ਸੋਸ਼ਲ ਮੀਡੀਆ ਦਾ**



**ਇਨਸਾਨ ਦੇ ਵਤੀਰੇ ’ਤੇ ਅਸਰ**

ਲਗਾਤਾਰ ਜਮ੍ਹਾ ਹੋਣ ਵਾਲਾ ਤਣਾਅ ਤੇ ਗੁੱਸਾ, ਖਰ੍ਹਵੇ ਬੋਲ ਬੋਲਣ ਲਈ
ਵਿਅਕਤੀ ਨੂੰ ਮਜਬੂਰ ਕਰ ਦਿੰਦਾ ਹੈ। ਚੰਗੇ ਭਲੇ ਪਰਿਵਾਰਾਂ ਦੇ ਟੁੱਟਣ ਦੇ ਮਾਮਲੇ ਵਧ ਰਹੇ ਹਨ। ਬੱਚੇ ਮਾਪਿਆਂ ਦੇ ਆਖੇ ਨਹੀਂ ਲੱਗ ਰਹੇ ਤੇ ਅੱਗੋਂ ਜਵਾਬ ਦੇਣ ਲੱਗ ਪਏ ਹਨ। ਘਰੋਂ ਬਾਹਰ ਛੋਟੀ ਉਮਰੇ ਰਿਸ਼ਤੇ ਗੰਢੇ ਜਾ ਰਹੇ ਹਨ। ਸਮਲਿੰਗੀ ਸਬੰਧ ਵਧ ਰਹੇ ਹਨ। ਬਾਲ ਉਮਰ ’ਚ ਹੀ ਜਿਸਮਾਨੀ ਸਬੰਧ
ਬਣਨੇ ਸ਼ੁਰੂ ਹੋ ਚੁੱਕੇ ਹਨ। ਅਣਵਿਆਹੀਆਂ ਮਾਵਾਂ ਦੀ ਗਿਣਤੀ ਵਧੀ ਹੈ। ਨਿੱਕੀ ਜਹੀ

**ਸਾਰ**

ਇਨਸਾਨੀ ਸਰੀਰ ਦੀ ਬਣਤਰ ਅਜਿਹੀ ਹੈ ਕਿ ਇਸ ਨੂੰ ਲਗਾਤਾਰ ਸਾਫ਼ ਸਫ਼ਾਈ ਦੀ ਲੋੜ ਰਹਿੰਦੀ ਹੈ। ਜੇ ਮੂੰਹ ਰਾਹੀਂ ਕੁਝ ਖਾਧਾ ਜਾ ਰਿਹਾ ਹੈ ਤਾਂ ਮਲ ਮੂਤਰ ਰਾਹੀਂ ਬਾਹਰ ਨਿਕਲਣਾ ਹੈ। ਕੰਨਾਂ ਅੰਦਰੋਂ ਵੀ ਕੁਦਰਤੀ ਤਰੀਕੇ ਸਫ਼ਾਈ ਰਾਹੀਂ ਮੈਲ ਬਾਹਰ ਨਿਕਲਦੀ ਰਹਿੰਦੀ ਹੈ। ਇੰਜ ਹੀ ਜਿਗਰ, ਗੁਰਦਾ, ਫੇਫੜੇ ਆਪਣੀ ਸਫ਼ਾਈ ਕਰਦੇ ਰਹਿੰਦੇ ਹਨ। ਦਿਮਾਗ਼ ਲਈ ਵੀ ਸਫ਼ਾਈ ਦੀ ਓਨੀ ਹੀ ਲੋੜ ਹੈ। ਇਸੇ ਲਈ ਦਿਨ ਭਰ ਦੀਆਂ ਸੁਣੀਆਂ ਵੇਖੀਆਂ ਗ਼ੱਲਾਂ ਵਿੱਚੋਂ ਫਜ਼ੂਲ ਚੀਜ਼ ਬਾਹਰ ਕੱਢ ਕੇ ਰਾਤ ਦੀ ਸੱਤ ਘੰਟੇ ਦੀ ਨੀਂਦ ਦੌਰਾਨ ਲੋੜੀਂਦੀਆਂ ਗ਼ੱਲਾਂ ਨੂੰ ਦਿਮਾਗ਼ ਆਪਣੀ ਹਾਰਡ ਡਿਸਕ ਉਥੇ ਫਿਕਸ ਕਰ ਲੈਂਦਾ ਹੈ। ਇਹ ਸਮਾਂ ਰਾਤ ਸਾਢੇ 9 ਤੋਂ ਸਵੇਰੇ 4.30 ਵਜੇ ਤਕ ਚੱਲਦਾ ਹੈ। ਸੋਸ਼ਲ ਮੀਡੀਆ ਨਾਲ ਜੁੜੇ ਲੋਕਾਂ ਦੇ ਦਿਮਾਗ਼ ਵੱਲ ਅਣਗਿਣਤ ਸੁਨੇਹੇ ਪਹੁੰਚਦੇ ਹਨ। ਕੁਝ ਡਰਾਉਣੇ, ਹਾਸੋਹੀਣੇ, ਘਬਰਾਹਟ ਪੈਦਾ ਕਰਨ, ਰੁਆਉਣ, ਖਿਝ ਪੈਦਾ ਕਰਨ, ਗੁੱਸਾ ਦਿਵਾਉਣ, ਢਹਿੰਦੀ ਕਲਾ ਵਾਲੇ ਤੇ ਅਜਿਹੇ ਹੀ ਵੱਖੋ-ਵੱਖਰੇ ਅਨੇਕਾਂ ਸੁਨੇਹੇ, ਜਿਨ੍ਹਾਂ ਨੂੰ ਦਿਮਾਗ਼ ਵਾਸਤੇ ਅਲੱਗ-ਅਲੱਗ ਹਿੱਸਿਆਂ ਦੀਆਂ ਫਾਈਲਾਂ ’ਚ ਸਾਂਭਦਾ ਰਹਿੰਦਾ ਹੈ। ਉਸ ਤੋਂ ਬਾਅਦ ਦਿਮਾਗ਼ ਨੇ ਸਭ ਕੁਝ ਇਕੱਠਾ ਕਰ ਕੇ ਤਰਕਕਰਨ ਵਾਲੇ ਹਿੱਸੇ ਵਿਚ ਭੇਜਣਾ ਹੁੰਦਾ ਹੈ ਤੇ ਫਿਰ ਸਿਰਫ਼ ਲੋੜੀਂਦੀ ਚੀਜ਼ ਸਾਂਭ ਕੇ ਬਾਕੀ ਕੂੜੇ ਦੇ ਢੇਰ ਉੱਥੇ ਸੁੱਟ ਦੇਣਾ ਹੁੰਦਾ ਹੈ ਸੋਸ਼ਲ ਮੀਡੀਆ ਨਾਲ ਜੁੜੇ ਬੰਦੇ ਨਾ ਤਾਂ ਪੂਰੀ ਨੀਂਦ ਲੈਂਦੇ ਹਨ ਤੇ ਨਾ ਹੀ ਲੋੜੀਂਦਾ ਸਮਾਂ ਦਿਮਾਗ਼ ਨੂੰ ਦਿੰਦੇ ਹਨ। ਰਾਤ ਨੂੰ ਸੌਣ ਲੱਗਿਆਂ ਤੇ ਫਿਰ ਉਥੇ ਸਾਰ ਮੋਬਾਈਲ ਨੂੰ ਝਪਟਾ ਮਾਰ ਕੇ ਫੜਨ ਵਾਲਾ ਰੁਝਾਨ ਦਿਮਾਗ਼ ਨੂੰ ਲੋੜੋਂ ਵੱਧ ਥਕਾ ਕੇ ਐਲਜ਼ਾਈਮਰ, ਪਾਰਕਿਨਸਨ, ਯਾਦਦਾਸ਼ਤ ਦੀ ਕਮੀ ਵਰਗੇ ਰੋਗਾਂ ਨੂੰ ਤਾਂ ਸਹੇੜ ਹੀ ਰਹੇ ਹਨ ਪਰ ਛੋਟੀ ਉਮਰੇ ਦਿਲ ਦੇ ਰੋਗ ਪਾਲ ਕੇ ਦੁਨੀਆ ਨੂੰ ਅਲਵਿਦਾ ਵੀ ਕਹਿ ਰਹੇ ਹਨ। ਇਸੇ ਲਈ ਜ਼ਰੂਰੀ ਹੈ ਸੋਸ਼ਲ ਮੀਡੀਆ ਲਈ ਖ਼ਾਸ ਸਮਾਂ ਮੁਕਰਰ ਕੀਤਾ ਜਾਵੇ ਉਹ ਵੀ ਸਿਰਫ਼ ਦੋ ਘੰਟੇ ਰੋਜ਼। ਰਾਤ ਨੂੰ ਸੌਣ ਤੋਂ ਘੰਟਾ ਪਹਿਲਾਂ ਮੋਬਾਈਲ ਨਹੀਂ ਫੜਨਾ ਤੇ ਸਵੇਰੇ ਨਾਸ਼ਤੇ ਤਕ ਵੀ ਹੱਥ ਨਹੀਂ ਲਾਉਣਾ। ਡਾਕਟਰਾਂ ਦਾ ਕੰਮ ਹੁੰਦਾ ਹੈ ਵੇਲੇ ਸਿਰ ਚੇਤੰਨ ਕਰਨਾ। ਜੇ ਹਾਲੇ ਵੀ ਮਨਮਰਜ਼ੀ ਹੀ ਕਰਨੀ ਹੈ, ਤਾਂ ਰੱਬ ਰਾਖਾ।

Thinking of Buying/Selling ?

WIN ZONE Realty Inc.

WIN ZONE REALTY INC.



Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com

Nlight Financial

# Insurance



Are you paying too much for Auto, Home, Business, Workman Compensation, Contractors, General Liability, E&O ?

Call us today for complimentary analysis of your policy.

## NLight Financial LLC



Sharanjit Singh Thind
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com


1
Delivering News,
Uncomprimised
& Unbiased for the
Last 16 years
Some Call us a Media House, others Call us an Institution to learn from
ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Punjabi Duniya
Since April 2005
Punjabi Duniya.Com LLC
Email : punjabiduniya@gmail.com, Web : www.punjabiduniya.com
The South Asian
INSIDER
Published Weekly from New York
Regd. & Mailing Office : P.O. Box 7005, Hicsville New York 11801
www.thesouthasianinfo, www.joshindiatv.com wwwpunjabiduniya.com
Phone : 917-612-3158

**LAURA CURRAN**
NASSAU COUNTY EXECUTIVE

**DR. LAWRENCE EISENSTEIN**
COMMISSIONER
DEPARTMENT OF HEALTH

# STOP THE SPREAD OF GERMS

## Help prevent the spread of respiratory viruses like

# NOVEL CORONAVIRUS



**Wash your hands often with soap and water for at least 20 seconds.**




**Cover your cough or sneeze with a tissue, then throw it in the trash.**



**Avoid touching your eyes, nose and mouth.**



**Stay home when you are sick, except to get medical care.**



**Clean and disinfect frequently touched objects and surfaces.**



**Avoid close contact with people who are sick.**

If you have any questions, please call the

**NYS CORONAVIRUS HOTLINE 888-364-3065**

or call

**NASSAU COUNTY CORONAVIRUS CALL CENTER 516-227-9570**

**Nassau County Department of Health • 200 County Seat Drive, Mineola**

NCPG